# ਨਾਸ਼ਪਾਤੀ

## ਉੱਨਤ ਕਿਸਮਾਂ :

**ਸਖ਼ਤ ਨਾਸ਼ਪਾਤੀ**

ਪੰਜਾਬ ਨਾਖ
ਪੱਥਰਨਾਖ

**ਅਰਧ ਨਰਮ ਨਾਸ਼ਪਾਤੀ**

ਪੰਜਾਬ ਗੋਲਡ
ਪੰਜਾਬ ਨੈਕਟਰ
ਪੰਜਾਬ ਬਿਊਟੀ
ਬੱਗੂਗੋਸ਼ਾ
ਲਿਕੋਂਟ

**ਨਰਮ ਨਾਸ਼ਪਾਤੀ**

ਨਿਜੀਸਿਕੀ
ਪੰਜਾਬ ਸੌਫਟ



ਪੱਥਰਨਾਖ
ਪੱਕਣ ਦਾ ਸਮਾਂ : ਜੁਲਾਈ ਅਗਸਤ



ਪੰਜਾਬ ਨਾਖ
ਪੱਕਣ ਦਾ ਸਮਾਂ : ਜੁਲਾਈ ਦਾ ਚੌਥਾ ਹਫਤਾ



ਪੰਜਾਬ ਬਿਊਟੀ
ਪੱਕਣ ਦਾ ਸਮਾਂ :ਜੁਲਾਈ ਦਾ ਤੀਸਰਾ ਹਫਤਾ



ਪੰਜਾਬ ਨੈਕਟਰ
ਪੱਕਣ ਦਾ ਸਮਾਂ :ਜੁਲਾਈ ਦਾ ਤੀਸਰਾ ਹਫਤਾ



ਪੰਜਾਬ ਗੋਲਡ
ਪੱਕਣ ਦਾ ਸਮਾਂ :ਜੁਲਾਈ ਦਾ ਤੀਸਰਾ ਹਫਤਾ

## ਉੱਨਤ ਕਿਸਮਾਂ :

### ਸਖ਼ਤ ਨਾਸ਼ਪਾਤੀ :

**ਪੰਜਾਬ ਨਾਖ (2008)** : ਇਹ ਕਿਸਮ ਪੱਥਰਨਾਖ ਦੇ ਪਰਿਵਾਰ 'ਚੋਂ ਹੈ । ਦਰਖਤੇ ਖਿਲਰਵੇਂ ਅਤੇ ਛੇਤੀ ਵਧਣ ਵਾਲੇ ਹੁੰਦੇ ਹਨ । ਫ਼ਲ ਗੋਲ, ਹਲਕੇ ਪੀਲੇ-ਹਰੇ ਰੰਗ, ਟਿਮਕਣਿਆਂ ਵਾਲੇ ਅਤੇ ਜਿਨ੍ਹਾਂ ਦਾ ਔਸਤਨ ਭਾਰ 155 ਗ੍ਰਾਮ ਹੈ । ਇਸ ਦਾ ਗੁੱਦਾ ਦਾਣੇਦਾਰ, ਖਸਤਾ ਅਤੇ ਮਿੱਠਾ ਹੁੰਦਾ ਹੈ । ਇਹ ਕਿਸਮ ਜੁਲਾਈ ਦੇ ਚੌਥੇ ਹਫ਼ਤੇ ਪੱਕਦੀ ਹੈ । ਇਸ ਦਾ ਔਸਤਨ ਝਾੜ 190 ਕਿਲੋ ਪ੍ਰਤੀ ਬੂਟਾ ਹੁੰਦਾ ਹੈ ।

**ਪੱਥਰਨਾਖ** : ਇਹ ਪੱਧਰੇ ਇਲਾਕੇ ਦੀ ਇੱਕ ਮਹੱਤਵਪੂਰਨ ਕਿਸਮ ਹੈ ।ਇਸ ਕਿਸਮ ਦੇ ਬੂਟੇ ਛੇਤੀ ਵੱਧਣ ਵਾਲੇ, ਲੰਮੇ ਅਤੇ ਖਿੱਲਰਵੇਂ ਹੁੰਦੇ ਹਨ । ਇਹ ਸਖ਼ਤ ਸਪੱਰ ਉੱਪਰ ਬਹੁਤ ਜ਼ਿਆਦਾ ਫਲ ਦਿੰਦੀ ਹੈ । ਫ਼ਲ ਦਰਮਿਆਨੇ, ਗੋਲ, ਹਰੇ ਰੰਗ ਦੇ, ਪੱਕਣ ਵੇਲੇ ਪੀਲੀ ਭਾਅ ਮਾਰਨ ਵਾਲੇ ਅਤੇ ਟਿਮਕਣਿਆਂ ਵਾਲੇ ਹੁੰਦੇ 39 40 ਹਨ । ਇਸ ਦਾ ਗੁੱਦਾ ਮਿੱਠਾ, ਦਾਣੇਦਾਰ ਤੇ ਖਸਤਾ ਜਿਹਾ ਹੁੰਦਾ ਹੈ । ਇਸ ਵਿੱਚ ਮਿਠਾਸ ਦੀ ਮਾਤਰਾ 13 ਪ੍ਰਤੀਸ਼ਤ ਅਤੇ ਖਟਾਸ 0.4 ਪ੍ਰਤੀਸ਼ਤ ਹੁੰਦੀ ਹੈ । ਇਸ ਦੀ ਢੋਆ-ਢੁਆਈ ਬਹੁਤ ਸੌਖੀ ਹੁੰਦੀ ਹੈ । ਇਹ ਕਿਸਮ ਜੁਲਾਈ-ਅਗਸਤ ਵਿੱਚ ਪੱਕ ਜਾਂਦੀ ਹੈ । ਇਸ ਦਾ ਔਸਤਨ ਝਾੜ 150 ਕਿਲੋ ਪ੍ਰਤੀ ਬੂਟਾ ਹੁੰਦਾ ਹੈ ।

### ਅਰਧ ਨਰਮ ਨਾਸ਼ਪਾਤੀ

**ਪੰਜਾਬ ਗੋਲਡ** : ਬੂਟੇ ਸਿੱਧੇ ਅਤੇ ਦਰਮਿਆਨੇ ਆਕਾਰ ਦੇ ਹੁੰਦੇ ਹਨ । ਇਸ ਦਾ ਫ਼ਲ ਅਕਾਰ ਵਿਚ ਵੱਡਾ, ਹਰਾ-ਪੀਲਾ ਅਤੇ ਚਿੱਟੇ ਗੁੱਦੇ ਵਾਲਾ ਹੁੰਦਾ ਹੈ । ਫ਼ਲ ਦਾ ਔਸਤਨ ਭਾਰ 166 ਗ੍ਰਾਮ ਹੁੰਦਾ ਹੈ । ਇਸ ਵਿਚ ਮਿਠਾਸ ਦੀ ਮਾਤਰਾ 13.3 ਪ੍ਰਤੀਸ਼ਤ ਅਤੇ ਖਟਾਸ 0.22 ਪ੍ਰਤੀਸ਼ਤ ਹੁੰਦੀ ਹੈ । ਬੂਟੇ ਦਾ ਔਸਤਨ ਝਾੜ 80 ਕਿਲੋ ਹੁੰਦਾ ਹੈ ।

**ਪੰਜਾਬ ਨੈਕਟਰ** : ਬੂਟੇ ਸਿੱਧੇ ਅਤੇ ਦਰਮਿਆਨੇ ਆਕਾਰ ਦੇ ਹੁੰਦੇ ਹਨ । ਫ਼ਲ ਦਰਮਿਆਨੇ ਤੋਂ ਵੱਡੇ ਆਕਾਰ ਵਾਲੇ ਹਰੇ-ਪੀਲੇ ਰੰਗ ਅਤੇ ਚਿੱਟੇ ਗੁੱਦੇ ਵਾਲੇ ਹੁੰਦੇ ਹਨ। ਫ਼ਲ ਦਾ ਔਸਤਨ ਭਾਰ 138 ਗ੍ਰਾਮ ਹੈ, ਇਸ ਵਿਚ ਮਿਠਾਸ ਦੀ ਮਾਤਰਾ 13.6 ਪ੍ਰਤੀਸ਼ਤ ਅਤੇ ਖਟਾਸ 0.21 ਪ੍ਰਤੀਸ਼ਤ ਹੁੰਦੀ ਹੈ । ਪੱਕਿਆ ਫ਼ਲ ਨਰਮ, ਘੱਟ ਦਾਣੇਦਾਰ ਅਤੇ ਰਸਦਾਰ ਹੁੰਦਾ ਹੈ । ਇਸ ਦਾ ਫ਼ਲ ਜੁਲਾਈ ਦੇ ਚੌਥੇ ਹਫ਼ਤੇ ਵਿਚ ਪੱਕ ਜਾਂਦਾ ਹੈ । ਬੂਟੇ ਦਾ ਔਸਤਨ ਝਾੜ 80 ਕਿਲੋਗ੍ਰਾਮ ਹੁੰਦਾ ਹੈ ।

**ਪੰਜਾਬ ਬਿਊਟੀ** : ਇਸ ਕਿਸਮ ਦੇ ਦਰਖਤ ਲਿਕੋਂਟ ਕਿਸਮ ਨਾਲ ਰਲਦੇਮਿਲਦੇ ਹਨ । ਇਹ ਸਿੱਧੇ ਵੱਧਦੇ ਹਨ ਅਤੇ ਦਰਮਿਆਨੇ ਆਕਾਰ ਦੇ ਹੁੰਦੇ ਹਨ । ਇਸਦੇ ਬੂਟਿਆਂ ਨੂੰ ਹਰ ਸਾਲ ਫਲ ਲਗਦਾ ਹੈ । ਇਸ ਦੇ ਫਲ ਦਾ ਆਕਾਰ ਦਰਮਿਆਨਾ ਹੈ । ਗੁੱਦਾ ਸਫੈਦ ਰੰਗ ਦਾ ਹੁੰਦਾ ਹੈ । ਇਸ ਦੇ ਰਸ ਵਿੱਚ 14 ਪ੍ਰਤੀਸ਼ਤ ਮਿਠਾਸ ਅਤੇ 0.3 ਪ੍ਰਤੀਸ਼ਤ ਖਟਾਸ ਹੈ । ਇਸ ਕਿਸਮ ਦਾ ਫਲ ਪੱਕਣ ਤੇ ਪੋਲਾ ਹੋ ਜਾਂਦਾ ਹੈ । ਇਸ ਦਾ ਫਲ ਜੁਲਾਈ ਦੇ ਤੀਸਰੇ ਹਫਤੇ ਪੱਕ ਕੇ ਤਿਆਰ ਹੋ ਜਾਂਦਾ ਹੈ । ਇਸਦਾ ਔਸਤਨ ਝਾੜ 80 ਕਿਲੋ ਪ੍ਰਤੀ ਬੂਟਾ ਹੈ ।

**ਬੱਗੂਗੋਸ਼ਾ** : ਬੂਟੇ ਸਿੱਧੇ ਅਤੇ ਛੇਤੀ ਵਧਣ ਵਾਲੇ ਹੁੰਦੇ ਹਨ । ਇਹ ਕਿਸਮ ਇੱਕ ਸਾਲ ਵੱਧ ਅਤੇ ਇੱਕ ਸਾਲ ਘੱਟ ਫਲ ਦਿੰਦੀ ਹੈ । ਇਸ ਦਾ ਫਲ ਛੋਟਾ, ਹਰਾ ਪੀਲਾ ਹੁੰਦਾ ਹੈ । ਇਸ ਦਾ ਗੁੱਦਾ ਸਫੈਦ, ਦਾਣੇਦਾਰ ਅਤੇ ਪੋਲਾ ਹੁੰਦਾ ਹੈ । ਇਸ ਵਿੱਚ ਮਿਠਾਸ ਦੀ ਮਾਤਰਾ 13 ਪ੍ਰਤੀਸ਼ਤ ਅਤੇ ਖਟਾਸ ਦੀ ਮਾਤਰਾ 0.3 ਪ੍ਰਤੀਸ਼ਤ ਹੁੰਦੀ ਹੈ । ਇਹ ਕਿਸਮ ਅਗਸਤ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਸ ਦਾ ਔਸਤਨ ਝਾੜ 60 ਕਿਲੋ ਪ੍ਰਤੀ ਬੂਟਾ ਹੈ ।

**ਲਿਕੋਂਟ** : ਇਸ ਕਿਸਮ ਦੇ ਬੂਟੇ ਸਿੱਧੇ ਵਧਣ ਵਾਲੇ, ਦਰਮਿਆਨੇ ਅਤੇ ਖਿੱਲਰਵੇਂ ਹੁੰਦੇ ਹਨ । ਬੂਟੇ ਚੰਗਾ ਫਲ ਦਿੰਦੇ ਹਨ । ਫਲ ਦਾ ਆਕਾਰ ਛੋਟੇ ਤੋਂ ਦਰਮਿਆਨਾ ਅਤੇ ਹਰੀ ਪੀਲੀ ਭਾਅ ਮਾਰਦੇ ਹਨ । ਗੁੱਦਾ ਪੀਲਾ ਸਫੈਦ, ਰਸ ਭਰਿਆ ਅਤੇ ਮਿੱਠਾ ਹੁੰਦਾ ਹੈ । ਇਹ ਕਿਸਮ ਅਗਸਤ ਵਿੱਚ ਪੱਕ ਜਾਂਦੀ ਹੈ । ਇਸ ਦੇ ਰਸ ਵਿੱਚ 14 ਪ੍ਰਤੀਸ਼ਤ ਮਿਠਾਸ ਅਤੇ 0.3 ਪ੍ਰਤੀਸ਼ਤ ਖਟਾਸ ਹੈ । ਇਸ ਦਾ ਔਸਤਨ ਝਾੜ 60 ਕਿਲੋ ਪ੍ਰਤੀ ਬੂਟਾ ਹੈ ।

## ਨਰਮ ਨਾਸ਼ਪਾਤੀ

**ਨਿਜੀਸਿਕੀ** : ਇਸ ਕਿਸਮ ਦੇ ਫ਼ਲ ਦਰਮਿਆਨੇ ਆਕਾਰ ਦੇ, ਸੁਨਹਿਰੀ ਭੂਰੇ ਰੰਗ ਦੇ, ਚਿੱਟੇ ਗੁੱਦੇ ਵਾਲੇ ਅਤੇ ਘੱਟ ਟਿਮਕਣਿਆਂ ਵਾਲੇ ਹੁੰਦੇ ਹਨ । ਪੱਕਣ ਤੇ ਇਸ ਕਿਸਮ ਦੇ ਫ਼ਲ ਬਹੁਤ ਨਰਮ, ਰਸ ਭਰਪੂਰ (74.6% ਰਸ) ਜਿਸ ਵਿੱਚ 12.9% ਮਿਠਾਸ ਅਤੇ 0.2% ਖਟਾਸ ਹੁੰਦੀ ਹੈ । ਇਸ ਦਾ ਫ਼ਲ ਜੂਨ ਦੇ ਆਖਰੀ ਹਫ਼ਤੇ ਤੋਂ ਜੁਲਾਈ ਦੇ ਪਹਿਲੇ ਹਫ਼ਤੇ ਬੂਟੇ ਉੱਤੇ ਹੀ ਪੱਕ ਜਾਂਦਾ ਹੈ । ਬੂਟੇ ਦਾ ਔਸਤਨ ਝਾੜ 80.2 ਕਿਲੋ ਪ੍ਰਤੀ ਬੂਟਾ ਹੈ । ਇਹ ਕਿਸਮ ਪ੍ਰੋਸੈਸਿੰਗ ਲਈ ਢੁਕਵੀਂ ਹੈ । ਇਸ ਦੇ ਫ਼ਲ 0.1 ਡਿਗਰੀ ਸੈਲਸੀਅਸ ਅਤੇ 90-95% ਨਮੀ ਵਿੱਚ 4 ਹਫ਼ਤਿਆਂ ਲਈ ਰੱਖੇ ਜਾ ਸਕਦੇ ਹਨ ।

**ਪੰਜਾਬ ਸੌਫਟ (2008)** : ਇਸ ਕਿਸਮ ਦੇ ਬੂਟੇ ਸਿੱਧੇ, ਖਿੱਲਰਵੇਂ ਅਤੇ ਦਰਮਿਆਨੇ ਆਕਾਰ ਦੇ ਹੁੰਦੇ ਹਨ । ਫ਼ਲ ਦਰਮਿਆਨੇ ਆਕਾਰ ਵਾਲੇ ਹਰੇ-ਪੀਲੇ ਰੰਗ ਅਤੇ ਚਿੱਟੇ ਗੁੱਦੇ ਵਾਲੇ ਬਹੁਤ ਨਰਮ ਅਤੇ ਰਸ ਭਰਪੂਰ ਹੁੰਦਾ ਹੈ । ਰਸ ਵਿੱਚ 11.3 ਪ੍ਰਤੀਸ਼ਤ ਮਿਠਾਸ ਅਤੇ 0.135 ਪ੍ਰਤੀਸ਼ਤ ਖਟਾਸ ਹੈ । ਇਸ ਦਾ ਫ਼ਲ ਜੁਲਾਈ ਦੇ ਪਹਿਲੇ ਹਫ਼ਤੇ ਪੱਕ ਜਾਂਦਾ ਹੈ । ਬੂਟੇ ਦਾ ਔਸਤਨ ਝਾੜ 85 ਕਿਲੋ ਪ੍ਰਤੀ ਬੂਟਾਹੈ । ਇਹ ਕਿਸਮ ਪ੍ਰਾਸੈਸਿੰਗ ਲਈ ਢੁਕਵੀਂ ਹੈ ।

### ਬੂਟੇ ਲਾਉਣਾ

ਨਾਸ਼ਪਾਤੀ ਦੇ ਬੂਟੇ ਸਰਦੀਆਂ ਵਿੱਚ ਅੱਧ ਫਰਵਰੀ ਤੱਕ ਲਗਾਏ ਜਾਂਦੇ ਹਨ ਜਦੋਂ ਇਨ੍ਹਾਂ ਦੇ ਪੱਤੇ ਝੜੇ ਹੁੰਦੇ ਹਨ । ਚੰਗਾ ਹੋਵੇ ਜੇ ਜਨਵਰੀ ਵਿੱਚ ਬੂਟੇ ਲਾਏ ਜਾਣ। ਆਮ ਤੌਰ ਤੇ ਇੱਕ ਸਾਲ ਪੁਰਾਣੇ ਬੂਟੇ ਹੀ ਲਾਏ ਜਾਂਦੇ ਹਨ ਪਰ ਜੇਕਰ ਨਰਸਰੀ ਵਿੱਚ ਬੂਟੇ ਸਿਧਾਏ ਹੋਣ ਤਾਂ 2-3 ਸਾਲ ਦੀ ਉਮਰ ਦੇ ਪੌਦੇ ਵੀ ਲਗਾਏ ਜਾ ਸਕਦੇ ਹਨ । ਪੱਥਰਨਾਖ ਦੇ ਬੂਟੇ 7.5x7.5 ਮੀਟਰ ਤੇ ਲਗਾਏ ਜਾਂਦੇ ਹਨ ਜਦਕਿ ਨਰਮ ਨਾਸ਼ਪਾਤੀ ਦੀਆਂ ਕਿਸਮਾਂ 6x6 ਮੀਟਰ ਦੇ ਫਾਸਲੇ ਤੇ ਲਗਾਈਆਂ ਜਾਂਦੀਆਂ ਹਨ।

### ਸੰਘਣੀ ਪ੍ਰਣਾਲੀ

ਪੱਥਰਨਾਖ ਨਾਸ਼ਪਾਤੀ ਦੇ ਬੂਟਿਆਂ ਨੂੰ 8x4 ਮੀ. ਦੇ ਫ਼ਾਸਲੇ ਤੇ ਵੀ ਲਗਾਇਆ ਜਾ ਸਕਦਾ ਹੈ ਅਤੇ ਬੂਟੇ ਦੇ ਮੁੱਖ ਤਣੇ ਅਤੇ ਦੋ ਸ਼ਾਖਾਵਾਂ ਨੂੰ ਧਰਤੀ ਨਾਲ ਬੰਨ ਕੇ ਸੁਧਾਈ ਕਰੋ । ਇਸ ਤਰ੍ਹਾਂ ਕਰਨ ਨਾਲ ਬੂਟੇ ਫ਼ਲ ਜਲਦੀ ਚੁੱਕ ਲੈਂਦੇ ਹਨ ।

### ਸਿਧਾਈ ਅਤੇ ਕਾਂਟ-ਛਾਂਟ

**ਬੂਟੇ ਲਗਾਉਣ ਸਮੇਂ** : ਮਜ਼ਬੂਤ ਟਾਹਣੀ ਵਾਲਾ ਬੂਟਾ ਤਿਆਰ ਕਰਨ ਲਈ ਪੌਦੇ ਦੀ ਸੁਧਰੀ ਹੋਈ ਟੀਸੀ ਵਾਲੇ ਤਰੀਕੇ ਨਾਲ ਸਿਧਾਈ ਕੀਤੀ ਜਾਦੀ ਹੈ । ਪੌਦੇ ਨੂੰ 90 ਸੈਂਟੀਮੀਟਰ ਦੀ ਉੱਚਾਈ ਤੋਂ ਕੱਟ ਦਿਉ । ਪੌਦਾ ਫਰਵਰੀ-ਮਾਰਚ ਵਿੱਚ ਫੁੱਟਣ ਲੱਗੇਗਾ । ਤਣੇ ਉੱਤੇ ਜ਼ਮੀਨ ਤੋਂ ਲੈ ਕੇ 45 ਸੈਂਟੀਮੀਟਰ ਦੀ ਉਚਾਈ ਤੱਕ ਕੋਈ ਸ਼ਾਖ ਨਹੀਂ ਰਹਿਣੀ ਚਾਹੀਦੀ ।

**ਦੂਸਰੇ ਸਾਲ ਦੀ ਸਿਧਾਈ** : ਦਰਮਿਆਨ ਦੀ ਸਭ ਤੋਂ ਲੰਮੀ ਟਹਿਣੀ ਨੂੰ ਛੱਡ ਦਿੱਤਾ ਜਾਂਦਾ ਹੈ ਪ੍ਰੰਤੂ ਜਿਥੇ ਕੱਚਾ ਭਾਗ ਸ਼ੁਰੂ ਹੁੰਦਾ ਹੈ ਉਥੇ ਇਸ ਨੂੰ ਕੱਟ ਦਿੱਤਾ ਜਾਂਦਾ ਹੈ । ਪਾਸੇ ਦੀਆਂ 3-4 ਟਹਿਣੀਆਂ ਜੋ ਆਪਸ ਵਿੱਚ 15 ਤੋਂ 20 ਸੈਂਟੀਮੀਟਰ ਦੇ ਫਾਸਲੇ ਤੇ ਵੱਖ-ਵੱਖ ਦਿਸ਼ਾਵਾਂ ਵਿੱਚ ਹੋਣ, ਰੱਖ ਲਈਆਂ ਜਾਂਦੀਆਂ ਹਨ । ਇਹ ਚੰਗਾ ਹੋਵੇਗਾ ਜੇਕਰ ਇਨ੍ਹਾਂ ਟਹਿਣੀਆਂ ਨੂੰ ਸੇਬੇ ਨਾਲ ਬੰਨ੍ਹ ਕੇ ਧਰਤੀ ਨਾਲ ਬੰਨ੍ਹ ਦਿੱਤਾ ਜਾਵੇ । ਬੰਨ੍ਹਣ ਨਾਲ ਇਨ੍ਹਾਂ ਟਹਿਣੀਆਂ ਤੇ ਹੋਰ ਸ਼ਾਖਾਵਾਂ ਨਿੱਕਲਣ ਵਿੱਚ ਮੱਦਦ ਮਿਲਦੀ ਹੈ ।

**ਤੀਸਰੇ ਸਾਲ ਦੀ ਸਿਧਾਈ** : ਦੂਜੇ ਸਾਲ ਦੀ ਕਟਾਈ ਵੇਲੇ ਰੱਖੀਆਂ ਟਾਹਣੀਆਂ ਨੂੰ ਨਵੀਆਂ ਸ਼ਾਖਾਵਾਂ ਫੁੱਟਣ ਲਈ ਛੱਡ ਦਿੱਤਾ ਜਾਂਦਾ ਹੈ ।

**ਚੌਥੇ ਅਤੇ ਪੰਜਵੇਂ ਸਾਲ ਦੀ ਸਿਧਾਈ** : ਅੱਗੇ ਤੋਂ ਅੱਗੇ ਵਧਣ ਵਾਲੀਆਂ ਨਾ ਵਾਹੁਣ ਯੋਗ ਸ਼ਾਖਾਵਾਂ ਨੂੰ ਕੱਟ ਦਿਉ । ਵਿਚਕਾਰਲੀ ਛੱਡੀ ਹੋਈ ਟਾਹਣੀ ਨੂੰ ਕੱਟ ਦਿਉ ਤਾਂ ਕਿ ਇਸ ਦਾ ਫੈਲਾਅ ਬਾਹਰ ਵੱਲ ਹੋਵੇ ਅਤੇ ਬੂਟਾ ਚੰਗੀ ਛੱਤਰੀ ਬਣਾ ਲਵੇ। ਪੱਥਰਨਾਖ ਦੇ

ਬੂਟਿਆਂ ਨੂੰ 2.5 ਮੀਟਰ ਦੀ ਉੱਚਾਈ ਤੇ ਕਟਾਈ ਕਰਕੇ ਉਨ੍ਹਾਂ ਤੋਂ ਵਧੀਆ ਕੁਆਲਟੀ ਦਾ ਫ਼ਲ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸ ਲਈ ਬੂਟਿਆਂ ਨੂੰ ਸੰਘਣੀ ਪ੍ਰਣਾਲੀ (4x4 ਮੀਟਰ) ਦੁਆਰਾ ਲਾਉ । ਕਟਾਈ ਵਾਲੇ ਹਿੱਸੇ ਤੇ ਬੋਰਡੋ ਪੇਂਟ ਲਗਾਉ ।

**ਕਾਂਟ-ਛਾਂਟ :** ਨਾਸ਼ਪਾਤੀ ਦਾ ਫਲ ਖੁੰਘਿਆਂ ਉੱਪਰ ਲੱਗਦਾ ਹੈ ਜੋ ਲਗਾਤਾਰ ਲਗਭਗ 8 ਸਾਲ ਫਲ ਦਿੰਦੇ ਹਨ । ਪੁਰਾਣੇ ਅਤੇ ਫਲ ਦਿੰਦੇ ਬੂਟਿਆਂ ਦੀਆਂ ਸੁੱਕੀਆਂ ਟਾਹਣੀਆਂ ਨੂੰ ਵੀ ਕੱਟ ਕੇ ਵਿਰਲਾ ਕੀਤਾ ਜਾਂਦਾ ਹੈ ਤਾਂ ਜੋ ਉੱਤੇ ਜ਼ਿਆਦਾ ਫਲ ਦੇਣ ਵਾਲੀਆਂ ਨਵੀਆਂ ਟਾਹਣੀਆਂ ਫੁੱਟ ਪੈਣ ।

## ਪੁਰਾਣੇ ਬੂਟਿਆਂ ਨੂੰ ਨਵਾਂ ਨਰੋਆ ਕਰਨ ਦੀ ਵਿਧੀ

ਪੁਰਾਣੇ ਬੂਟੇ ਜਿਨ੍ਹਾਂ ਨੂੰ ਘੱਟ ਫਲ ਲੱਗਦਾ ਹੋਵੇ, ਦੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ । ਦਸੰਬਰ ਦੇ ਮਹੀਨੇ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ, ਜੋ ਕਿ ਕਾਫੀ ਵਿੱਥ ਤੇ ਹੋਣ, 15 ਸੈਂਟੀਮੀਟਰ ਲੰਬਾਈ ਰੱਖ ਕੇ ਕੱਟ ਦਿਉ । ਬਾਕੀ ਦੇ ਸਾਰੇ ਟਾਹਣੇ ਕੱਟ ਦਿਉ । ਕੱਟੇ ਹੋਏ ਥਾਵਾਂ ਤੇ ਬੋਰਡੋ ਪੇਂਟ ਲਾ ਦਿਉ।ਮਾਰਚ ਦੇ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖਾਵਾਂ ਆ ਜਾਂਦੀਆਂ ਹਨ । ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵੱਧ ਰਹੀਆਂ ਟਾਹਣੀਆਂ ਰੱਖ ਲਉ । ਇਸ ਤਰ੍ਹਾਂ ਹਰ ਬੂਟੇ ਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ । ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫਲ ਦਿੰਦੇ ਹਨ ।

## ਨਦੀਨਾਂ ਦੀ ਰੋਕਥਾਮ

ਹੈਕਸੂਰੋਨ 80 ਘੁਲਣਸ਼ੀਲ (ਡਾਈਯੂਰੋਨ) 1.6 ਕਿਲੋ ਪ੍ਰਤੀ ਏਕੜ ਦੇ ਹਿਸਾਬ, ਪਹਿਲੇ ਨਦੀਨ ਤੇ ਘਾਹ ਫੂਸ ਕੱਢ ਕੇ ਅਤੇ ਨਵੇਂ ਨਦੀਨ ਉੱਗਣ ਤੋਂ ਪਹਿਲਾਂ (ਮਾਰਚ ਦੇ ਪਹਿਲੇ ਪੰਦਰ੍ਹਵਾੜੇ ਵਿੱਚ) ਛਿੜਕੋ । ਗਲਾਈਸਲ 41 ਐਸ ਐਲ (ਗਲਾਈਫੋਸੇਟ) 1.2 ਲਿਟਰ ਪ੍ਰਤੀ ਏਕੜ ਜਾਂ ਗ੍ਰਾਮੈਕਸੋਨ 24 ਡਬਲਯੂ ਐਸਸੀ (ਪੈਰਾਕੁਏਟ) 1.2 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਉਸ ਵੇਲੇ ਛਿੜਕੋ ਜਦੋਂ ਬਹੁਤ ਸਾਰੇ ਨਦੀਨ 15-20 ਸੈਂਟੀਮੀਟਰ ਉੱਚੇ ਵਧ ਗਏ ਹੋਣ । ਨਦੀਨ ਨਾਸ਼ਕ ਦਵਾਈਆਂ ਦੇ ਘੋਲ ਨੂੰ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਬਣਾਉ ਤਾਂ ਕਿ ਛਿੜਕਾਅ ਚੰਗੀ ਤਰ੍ਹਾਂ ਹੋ ਜਾਵੇ ।

## ਖਾਦਾਂ

| ਬੂਟੇ ਦੀ ਉਮਰ (ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਖਾਦਾਂ (ਗ੍ਰਾਮ ਪ੍ਰਤੀ ਬੂਟਾ) | | |
|---|---|---|---|---|
| | | ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਰਾਸ਼ |
| 1-3 | 10-20 | 100-300 | 200-600 | 150-450 |
| 4-6 | 25-35 | 400-600 | 800-1200 | 600-900 |
| 7-9 | 40-50 | 700-900 | 1400-1800 | 1050-1350 |
| 10 ਤੋਂ ਉੱਪਰ | 50 | 1000 | 2000 | 1500 |

**ਖਾਦਾਂ ਪਾਉਣ ਦਾ ਸਮਾਂ :** ਸਾਰੀ ਰੂੜੀ ਦੀ ਖਾਦ, ਸੁਪਰਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਦਸੰਬਰ ਮਹੀਨੇ ਪਾਉ । ਅੱਧੀ ਨਾਈਟਰੋਜਨ ਦੀ ਮਾਤਰਾ ਫਰਵਰੀ ਵਿੱਚ ਫੁੱਲ ਆਉਣ ਤੋਂ ਪਹਿਲਾਂ ਅਤੇ ਬਾਕੀ ਦੀ ਅੱਧੀ ਅੱਧ ਅਪ੍ਰੈਲ ਵਿੱਚ ਪਾ ਦਿਉ । ਕਲਰਾਠੀਆਂ ਜ਼ਮੀਨਾਂ ਵਿੱਚ ਨਾਖਾਂ ਦੇ ਬੂਟਿਆਂ ਨੂੰ ਜਿਸਤ ਅਤੇ ਲੋਹੇ ਦੀ ਘਾਟ ਆਮ ਆ ਸਕਦੀ ਹੈ ।

**ਜਿਸਤ ਦੀ ਘਾਟ :** ਇਸ ਨਾਲ ਨਵੇਂ ਪੱਤਿਆਂ ਵਿੱਚ ਮੋਟੀਆਂ ਨਾੜਾਂ ਦੇ ਵਿਚਕਾਰਲਾ ਹਿੱਸਾ ਪੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ । ਪੱਤਿਆਂ ਦਾ ਆਕਾਰ ਛੋਟਾ ਹੋ ਕੇ ਪੱਤੇ ਉੱਪਰ ਨੂੰ ਕੱਪ ਦੀ ਤਰ੍ਹਾਂ ਮੁੜਨਾ ਸ਼ੁਰੂ ਕਰ ਦਿੰਦੇ ਹਨ । ਜਿਸਤ ਦੀ ਘਾਟ ਨੂੰ ਠੀਕ ਕਰਨ ਲਈ 3 ਕਿਲੋ ਜ਼ਿੰਕ ਸਲਫੇਟ + 1.5 ਕਿਲੋ ਅਣ ਬੁਝਿਆ ਚੂਨਾ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

**ਲੋਹੇ ਦੀ ਘਾਟ :** ਇਹ ਟੀਸੀ ਦੇ ਪੱਤਿਆਂ ਉੱਤੇ ਆਉਂਦੀ ਹੈ । ਇਸ ਕਾਰਨ ਪੱਤਿਆਂ ਦੀਆਂ ਸਾਰੀਆਂ ਨਾੜਾਂ ਗੂੜ੍ਹੇ ਰੰਗ ਦੀਆਂ ਅਤੇ ਬਾਕੀ ਹਿੱਸਾ ਪੀਲੇ ਰੰਗ ਦਾ ਹੋ ਜਾਂਦਾ ਹੈ । ਇਸ ਘਾਟ ਨੂੰ ਦੂਰ ਕਰਨ ਲਈ 0.3% ਫੈਰਸ ਸਲਫੇਟ (300 ਗ੍ਰਾਮ + 100 ਲਿਟਰ ਪਾਣੀ) ਦਾ ਛਿੜਕਾਅ ਕਰੋ ।

## ਸਿੰਚਾਈ

ਨਾਖਾਂ ਦੇ ਬੂਟਿਆਂ ਨੂੰ ਲਾਉਣ ਤੋਂ ਬਾਅਦ ਜਲਦੀ-ਜਲਦੀ ਪਾਣੀ ਲਾਉਣਾ ਚਾਹੀਦਾ ਹੈ । ਗਰਮੀਆਂ ਵਿੱਚ 5-7 ਦਿਨਾਂ ਦੇ ਵਕਫੇ ਅਤੇ ਅਗਸਤ-ਸਤੰਬਰ ਵਿੱਚ 15 ਦਿਨਾਂ ਦੇ ਵਕਫੇ ਤੇ ਪਾਣੀ ਲਾਉ । ਜਨਵਰੀ ਦੇ ਮਹੀਨੇ ਕੋਈ ਪਾਣੀ ਨਹੀਂ ਦੇਣਾ ਚਾਹੀਦਾ । ਫਲ ਦਿੰਦੇ ਪੌਦਿਆਂ ਨੂੰ ਗਰਮੀਆਂ ਵਿੱਚ 5-7 ਦਿਨਾਂ ਦੇ ਫਰਕ ਨਾਲ ਖੁੱਲ੍ਹਾ ਪਾਣੀ ਲਾਉ ਤਾਂ ਕਿ ਫਲ ਪੂਰੇ ਆਕਾਰ ਦਾ ਬਣ ਸਕੇ ।

## ਬਾਗ ਵਿੱਚ ਹੋਰ ਫਸਲਾਂ ਦੀ ਕਾਸ਼ਤ

ਸਾਉਣੀ ਵਿੱਚ ਮੂੰਗ, ਮਾਂਹ ਅਤੇ ਤੋਰੀਆ ਜਦੋਂ ਕਿ ਹਾੜ੍ਹੀ ਵਿੱਚ ਕਣਕ, ਮਟਰ, ਛੋਲੇ ਅਤੇ ਸੇਂਜੀ ਦੀ ਕਾਸ਼ਤ ਨਵੇਂ ਲਗਾਏ ਬਾਗਾਂ ਜਾ ਪੁਰਾਣੇ ਬੂਟਿਆਂ ਨੂੰ ਮੁੜ ਸੁਰਜੀਤ ਕਰਨ ਵੇਲੇ ਕੀਤੀ ਜਾ ਸਕਦੀ ਹੈ ਤਾਂ ਕਿ ਫਲ ਆਉਣ ਤੱਕ ਕੁਝ ਆਮਦਨ ਲਈ ਜਾ ਸਕੇ । ਫਲ ਦਿੰਦੇ ਬਾਗਾਂ ਵਿੱਚ ਵੀ ਮਟਰ, ਛੋਲੇ, ਸੇਂਜੀ ਆਦਿ ਦੀ ਹਾੜ੍ਹੀ ਵਿੱਚ ਅਤੇ ਮੂੰਗ, ਮਾਂਹ ਅਤੇ ਸੂਰਜਮੁੱਖੀ ਦੀ ਸਾਉਣੀ ਵਿੱਚ ਕਾਸ਼ਤ ਕੀਤੀ ਜਾ ਸਕਦੀ ਹੈ । ਇਨ੍ਹਾਂ ਫ਼ਸਲਾਂ ਨੂੰ ਵੱਖਰੇ ਤੌਰ ਤੇ ਸਿਫਾਰਸ਼ਾਂ ਅਨੁਸਾਰ ਖਾਦ ਪਾਉਣੀ ਚਾਹੀਦੀ ਹੈ । ਬਰਸੀਮ ਦੀ

ਕਾਸ਼ਤ ਨਾ ਕਰੋ ਕਿਉਂਕਿ ਇਸਨੂੰ ਸਰਦੀਆਂ ਵਿੱਚ ਪਾਣੀ ਅਧਿਕ ਮਾਤਰਾ ਵਿੱਚ ਚਾਹੀਦਾ ਹੈ । ਜਦੋਂ ਕਿ ਉਸ ਵੇਲੇ ਨਾਸ਼ਪਾਤੀ ਦੇ ਬੂਟੇ ਸਥਿਲ ਅਵਸਥਾ ਵਿੱਚ ਹੁੰਦੇ ਹਨ ਅਤੇ ਉਨ੍ਹਾਂ ਨੂੰ ਪਾਣੀ ਦੀ ਲੋੜ ਨਹੀਂ ਹੁੰਦੀ ।

### ਫਲਾਂ ਦੀ ਇੱਕਸਾਰਤਾ

ਨਾਸ਼ਪਾਤੀ ਨੂੰ ਬਹੁਤ ਜ਼ਿਆਦਾ ਫੁੱਲ ਪੈਣ ਕਰਕੇ ਫਲਾਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ । ਇਸ ਦਾ ਇਲਾਜ ਕਰਨ ਲਈ ਕਟਾਈ ਤੋਂ ਬਾਅਦ ਹਰ ਗੁੱਛੇ ਦਾ ਇੱਕ ਫਲ ਰੱਖ ਲਿਆ ਜਾਂਦਾ ਹੈ । ਜੇ ਜ਼ਰੂਰੀ ਹੋਵੇ ਤਾਂ ਇਸ ਢੰਗ ਨੂੰ ਕੁਦਰਤੀ ਰੂਪ ਵਿੱਚ ਫੁੱਲ ਕਿਰਨ ਤੋਂ ਇੱਕਦਮ ਬਾਅਦ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ ।

### ਫਲਾਂ ਦਾ ਪੱਕਣਾ ਅਤੇ ਤੁੜਾਈ

ਫਲਾ ਨੂੰ ਉਸ ਵੇਲੇ ਤੋੜੋ ਜਦੋਂ ਉਹ ਪੱਕ ਕੇ ਤਿਆਰ ਹੋ ਜਾਣ । ਪੱਥਰਨਾਖ ਕਿਸਮ ਦਾ ਫਲ 145 ਦਿਨ, ਬੱਗੂਗੋਸ਼ੇ ਤੇ ਪੰਜਾਬ ਬਿਊਟੀ ਦਾ ਫਲ 135 ਦਿਨਾਂ ਅਤੇ ਪੰਜਾਬ ਨੈਕਟਰ ਤੇ ਪੰਜਾਬ ਗੋਲਡ ਦਾ ਫ਼ਲ 140 ਦਿਨਾਂ ਬਾਅਦ ਤੋੜਨ ਲਈ ਤਿਆਰ ਹੋ ਜਾਂਦਾ ਹੈ । ਫਲ ਉੱਪਰ ਵੱਲ ਘੁਮਾਉਣ ਨਾਲ ਛੇਤੀ ਟੁੱਟ ਜਾਂਦੇ ਹਨ ਜਿਸ ਨਾਲ ਖੁੰਘੇ ਨੂੰ ਨੁਕਸਾਨ ਨਹੀਂ ਪਹੁੰਚਦਾ।

### ਫਲਾਂ ਦੀ ਤੋੜਨ ਤੋਂ ਬਾਅਦ ਸਾਂਭ-ਸੰਭਾਲ

ਸਾਂਭ-ਸੰਭਾਲ : ਫ਼ਲਾਂ ਨੂੰ ਪੂਰੇ ਪੱਕਣ ਤੇ ਹੀ ਤੋੜੋ । ਖ਼ਰਾਬ ਅਤੇ ਝਰੀਟੇ ਫ਼ਲਾਂ ਨੂੰ ਪਕਾਉਣ, ਸਟੋਰ ਅਤੇ ਮੰਡੀਕਰਣ ਕਰਨ ਲਈ ਡੱਬਾਬੰਦੀ (ਗੱਤੇ ਦੇ ਡੱਬੇ ਵਿਚ) ਕਰਨ ਤੋਂ ਪਹਿਲਾਂ ਚੋਣ ਕਰਕੇ ਬਾਹਰ ਕੱਢ ਦਿਉ ।

**ਫ਼ਲ ਨੂੰ ਪਕਾਉਣਾ :** ਪੰਜਾਬ ਬਿਊਟੀ ਕਿਸਮ ਦੇ ਫ਼ਲਾਂ ਨੂੰ 0 ਡਿਗਰੀ ਤਾਪਮਾਨ ਤੇ ਤਿੰਨ ਦਿਨਾਂ ਲਈ ਠੰਢਾ ਕਰਨ ਤੋਂ ਬਾਅਦ ਤਿੰਨ ਦਿਨਾਂ ਲਈ 20 ਡਿਗਰੀ ਤਾਪਮਾਨ ਤੇ ਰੱਖ ਕੇ ਪਕਾਇਆ ਜਾ ਸਕਦਾ ਹੈ ਅਤੇ ਪੱਥਰਨਾਖ ਕਿਸਮ ਦੇ ਫ਼ਲਾਂ ਨੂੰ 0 ਡਿਗਰੀ ਤਾਪਮਾਨ ਤੇ ਤਿੰਨ ਦਿਨਾਂ ਲਈ ਅਤੇ 20 ਡਿਗਰੀ ਤਾਪਮਾਨ ਤੇ ਚਾਰ ਦਿਨਾਂ ਲਈ ਰੱਖਣ ਤੇ ਫ਼ਲਾਂ ਦੀ ਪਕਾਈ ਅਤੇ ਗੁਣਵਤਾ ਵਧਾਈ ਜਾ ਸਕਦੀ ਹੈ । ਨਾਖਾਂ ਦੇ ਫ਼ਲਾਂ ਨੂੰ ਢੁਕਵੀਂ ਪਕਾਈ ਅਤੇ ਚੰਗੀ ਕੁਆਲਿਟੀ ਲਈ ਇਨ੍ਹਾਂ ਨੂੰ 100 ਪੀ ਪੀ ਐਮ ਈਥੀਫੋਨ ਦੇ ਘੋਲ ਵਿੱਚ 3 ਤੋਂ 4 ਮਿੰਟਾਂ ਲਈ ਡੋਬੋ ਜਾਂ 100 ਪੀ ਪੀ ਐਮ 24 ਘੰਟੇ ਲਈ ਈਥੀਲੀਨ ਗੈਸ ਦੇਵੋ ਅਤੇ 20 ਡਿਗਰੀ ਤਾਪਮਾਨ ਤੇ ਸਟੋਰ ਕਰੋ । ਇਸ ਵਿਧੀ ਰਾਹੀਂ ਪੱਥਰਨਾਖ ਦੇ ਫ਼ਲ 8 ਦਿਨਾਂ ਅਤੇ ਪੰਜਾਬ ਬਿਊਟੀ ਦੇ ਫ਼ਲ 4 ਦਿਨਾਂ ਵਿੱਚ ਪੱਕ ਜਾਂਦੇ ਹਨ ।

**ਸਟੋਰ ਕਰਨਾ :** ਪੰਜਾਬ ਬਿਊਟੀ ਕਿਸਮ ਦੇ ਫ਼ਲਾਂ ਨੂੰ 0-1 ਡਿਗਰੀ ਤਾਪਮਾਨ ਅਤੇ 90-95 ਪ੍ਰਤੀਸ਼ਤ ਨਮੀਂ ਤੇ 60 ਦਿਨਾਂ ਲਈ ਸਟੋਰ ਕੀਤਾ ਜਾ ਸਕਦਾ ਹੈ । ਇਨ੍ਹਾਂ ਫ਼ਲਾਂ ਨੂੰ ਸਟੋਰ ਵਿਚੋਂ ਕੱਢਣ ਤੋਂ ਬਾਅਦ 1-2 ਦਿਨਾਂ ਲਈ ਕਮਰੇ ਦੇ ਤਾਪਮਾਨ ਅਤੇ ਘਰੇਲੂ ਫਰਿਜ਼ ਵਿਚ ਚਾਰ ਦਿਨਾਂ ਲਈ ਰੱਖਿਆ ਜਾ ਸਕਦਾ ਹੈ । ਪੰਜਾਬ ਸੌਫਟ ਦੇ ਫ਼ਲ ਨੂੰ 0-1 ਡਿਗਰੀ ਤਾਪਮਾਨ ਅਤੇ 90-95 ਪ੍ਰਤੀਸ਼ਤ ਨਮੀਂ ਤੇ ਚਾਰ ਹਫ਼ਤਿਆਂ ਲਈ ਰੱਖਿਆ ਜਾ ਸਕਦਾ ਹੈ । ਇਸੇ ਤਰ੍ਹਾਂ ਪੰਜਾਬ ਨਾਖ ਦੇ ਫ਼ਲਾਂ ਨੂੰ 60 ਦਿਨਾਂ ਲਈ 0-1 ਡਿਗਰੀ ਤਾਪਮਾਨ ਅਤੇ 90-95 ਪ੍ਰਤੀਸ਼ਤ ਨਮੀਂ ਤੇ ਰੱਖਿਆ ਜਾ ਸਕਦਾ ਹੈ । ਪੱਥਰਨਾਖ ਕਿਸਮ ਦੇ ਫ਼ਲਾਂ ਨੂੰ 0-1 ਡਿਗਰੀ ਤਾਪਮਾਨ ਅਤੇ 90-95 ਪ੍ਰਤੀਸ਼ਤ ਨਮੀਂ ਤੇ 60 ਦਿਨਾਂ ਲਈ ਸਟੋਰ ਕੀਤਾ ਜਾ ਸਕਦਾ ਹੈ । ਇਨ੍ਹਾਂ ਨੂੰ ਸਟੋਰ ਵਿਚੋਂ ਕੱਢਣ ਤੋਂ ਬਾਅਦ ਦੋ ਦਿਨਾਂ ਲਈ ਕਮਰੇ ਦੇ ਤਾਪਮਾਨ ਅਤੇ ਘਰੇਲੂ ਫਰਿਜ਼ ਵਿਚ 4-6 ਦਿਨਾਂ ਲਈ ਰੱਖ ਸਕਦੇ ਹਾਂ ।

**ਪ੍ਰੋਸੈਸਿੰਗ :** ਪੰਜਾਬ ਬਿਊਟੀ, ਪੰਜਾਬ ਨੈਕਟਰ, ਪੰਜਾਬ ਗੋਲਡ ਅਤੇ ਪੰਜਾਬ ਸੌਫਟ ਕਿਸਮਾਂ ਦੇ ਫ਼ਲਾਂ ਤੋਂ ਤਿਆਰ ਪੀਣ ਵਾਲੀਆਂ ਵਸਤੂਆਂ, ਨੈਕਟਰ ਅਤੇ ਸਕੂਐਸ਼ ਬਣਾਏ ਜਾ ਸਕਦੇ ਹਨ ।

# ਆੜੂ

## ਉੱਨਤ ਕਿਸਮਾਂ :

| ਪੀਲੇ ਗੁੱਦੇ ਵਾਲੀਆਂ ਕਿਸਮਾਂ | ਚਿੱਟੇ ਗੁੱਦੇ ਵਾਲੀਆਂ ਕਿਸਮਾਂ | ਨੈਕਟਰੇਨ | ਜੜ੍ਹ-ਮੁੱਢ |
|---|---|---|---|
| ਪਰਤਾਪ | ਖੁਰਮਾਨੀ | ਪੰਜਾਬ ਨੈਕਟਰੇਨ | ਫਲੋਰਡਾਗਾਰਡ |
| ਫਲੋਰਿਡਾ ਪ੍ਰਿੰਸ | ਸ਼ਰਬਤੀ | | |
| ਸ਼ਾਨੇ-ਪੰਜਾਬ | ਪ੍ਰਭਾਤ | | |
| ਅਰਲੀ ਗਰੈਂਡ | | | |




**ਪਰਤਾਪ**
ਪੱਕਣ ਦਾ ਸਮਾਂ: ਅਪ੍ਰੈਲ ਦਾ ਤੀਜਾ ਹਫਤਾ




**ਫਲੋਰਡਾ ਪ੍ਰਿੰਸ**
ਪੱਕਣ ਦਾ ਸਮਾਂ: ਅਪ੍ਰੈਲ ਦਾ ਚੌਥਾ ਹਫਤਾ




**ਸ਼ਾਨੇ-ਪੰਜਾਬ**
ਪੱਕਣ ਦਾ ਸਮਾਂ: ਮਈ ਦਾ ਪਹਿਲਾ ਹਫਤਾ




**ਅਰਲੀ ਗਰੇਂਡ**
ਪੱਕਣ ਦਾ ਸਮਾਂ: ਮਈ ਦਾ ਪਹਿਲਾ ਹਫਤਾ




**ਪਰਭਾਤ**
ਪੱਕਣ ਦਾ ਸਮਾਂ: ਅਪ੍ਰੈਲ ਦਾ ਤੀਜਾ ਹਫਤਾ



**ਪੰਜਾਬ ਨੈਕਟਰੀਨ**
ਪੱਕਣ ਦਾ ਸਮਾਂ: ਮਈ ਦਾ ਦੂਸਰਾ ਹਫਤਾ

## ਉੱਨਤ ਕਿਸਮਾਂ

### ੳ) ਪੀਲੇ ਗੁੱਦੇ ਵਾਲੀਆਂ ਕਿਸਮਾਂ

1. **ਪਰਤਾਪ** : ਇਹ ਕਿਸਮ ਅਪ੍ਰੈਲ ਦੇ ਤੀਜੇ ਹਫ਼ਤੇ ਸਭ ਤੋਂ ਪਹਿਲਾਂ ਪੱਕਦੀ ਹੈ । ਬੂਟੇ ਦਰਮਿਆਨੇ ਆਕਾਰ ਦੇ ਹੁੰਦੇ ਹਨ । ਫ਼ਲ ਦਰਮਿਆਨਾ (65-70 ਗ੍ਰਾਮ), ਪੀਲੇ ਰੰਗ ਦਾ ਪੱਕਣ ਤੇ ਲਾਲੀ ਦੀ ਭਾਅ, ਗੁੱਦਾ ਕਰੜਾ ਅਤੇ ਪੱਕਣ ਤੇ ਗਿਟਕ ਨਾਲੋਂ ਵੱਖਰਾ ਹੋ ਜਾਂਦਾ ਹੈ । ਫ਼ਲ ਸਖ਼ਤ ਹੋਣ ਕਾਰਨ ਦੂਰ ਦੀਆਂ ਮੰਡੀਆਂ ਵਿੱਚ ਭੇਜਿਆ ਜਾ ਸਕਦਾ ਹੈ । ਇਸ ਦਾ ਪ੍ਰਤੀ ਬੂਟਾ ਔਸਤ ਝਾੜ 70 ਕਿਲੋ ਹੈ।ਫ਼ਲ ਦੇ ਕੁੱਲ ਘੁਲਣਸ਼ੀਲ ਪਦਾਰਥ 12% ਅਤੇ ਖਟਾਸ 0.7% ਹੁੰਦੇ ਹਨ ।

2. **ਫਲੋਰਿਡਾ ਪ੍ਰਿੰਸ** : ਇਸ ਦੇ ਬੂਟੇ ਵੱਡੇ ਫੈਲਾਅ ਵਾਲੇ ਅਤੇ ਫ਼ਲ ਅਪ੍ਰੈਲ ਦੇ ਚੌਥੇ ਹਫ਼ਤੇ ਪੱਕਦੇ ਹਨ । ਫ਼ਲ ਦਰਮਿਆਨਾ (65-70 ਗ੍ਰਾਮ), ਪੱਕਣ ਤੇ ਪੀਲਾ ਅਤੇ ਲਾਲੀ ਦੀ ਭਾਅ ਮਾਰਦਾ ਹੈ । ਇਸ ਵਿੱਚ ਕੁੱਲ ਘੁਲਣਸ਼ੀਲ ਪਦਾਰਥ 12% ਅਤੇ ਖਟਾਸ 0.5% ਹੈ । ਗੁੱਦਾ ਕਰੜਾ ਅਤੇ ਪੱਕਣ ਤੇ ਗਿਟਕ ਨਾਲੋਂ ਵੱਖਰਾ ਹੁੰਦਾਹੈ। ਇਸ ਦਾ ਪ੍ਰਤੀ ਬੂਟਾ ਔਸਤ ਝਾੜ 100 ਕਿਲੋ ਹੈ ।

3. **ਸ਼ਾਨੇ-ਪੰਜਾਬ** : ਇਸ ਕਿਸਮ ਦੇ ਰੁੱਖ ਨਰੋਏ, ਵੱਡੇ ਆਕਾਰ ਦੇ ਅਤੇ ਇਸ ਦਾ ਫ਼ਲ ਮਈ ਦੇ ਪਹਿਲੇ ਹਫ਼ਤੇ ਪੱਕਦਾ ਹੈ । ਇਸ ਦਾ ਫ਼ਲ ਵੱਡੇ ਆਕਾਰ ਦਾ, ਪੱਕਣ ਤੇ ਪੀਲਾ ਅਤੇ ਲਾਲੀ ਦੀ ਭਾਅ ਮਾਰਦਾ ਹੈ । ਇਸ ਦਾ ਪ੍ਰਤੀ ਬੂਟਾ ਔਸਤ ਝਾੜ 70 ਕਿਲੋ ਹੈ । ਗੁੱਦਾ ਕਰੜਾ, ਪੱਕਣ ਤੇ ਗਿਟਕ ਨਾਲੋਂ ਬਿਲਕੁਲ ਵੱਖ ਹੋ ਜਾਂਦਾ ਹੈ । ਇਸ ਕਿਸਮ ਦੇ ਫ਼ਲ ਡੱਬਾਬੰਦੀ ਲਈ ਢੁੱਕਵੇਂ ਹਨ । ਇਸ ਦੇ ਕੁੱਲ ਘੁਲਣਸ਼ੀਲ ਪਦਾਰਥ 12% ਅਤੇ ਖਟਾਸ 0.74% ਹਨ ।

4. **ਅਰਲੀ ਗਰੈਂਡ** : ਇਸ ਕਿਸਮ ਦੇ ਬੂਟੇ ਦਰਮਿਆਨੇ, ਨਰੋਏ ਅਤੇ ਵਧੇਰੇ ਝਾੜ ਦੇਣ ਵਾਲੇ ਹਨ । ਇਹ ਕਿਸਮ ਮਈ ਦੇ ਪਹਿਲੇ ਹਫ਼ਤੇ (ਸ਼ਾਨੇ-ਪੰਜਾਬ ਤੋਂ 4 ਦਿਨ ਪਹਿਲਾਂ) ਪੱਕਦੀ ਹੈ । ਫ਼ਲ ਵੱਡੇ (90 ਗ੍ਰਾਮ), ਪੱਕਣ ਤੇ ਪੀਲੇ ਲਾਲ ਭਾਅ ਮਾਰਦੇ ਹਨ । ਗੁੱਦਾ ਕੁੱਝ ਕਰੜਾ, ਪੱਕਣ ਤੇ ਗਿਟਕ ਨਾਲੋਂ ਬਿਲਕੁਲ ਵੱਖ ਹੋ ਜਾਂਦਾ ਹੈ । ਇਸ ਕਿਸਮ ਦੇ ਫ਼ਲ ਸਟੋਰ ਕਰਨ ਲਈ ਢੁਕਵੇਂ ਹਨ । ਇਸ ਦੇ ਕੁੱਲ ਘੁਲਣਸ਼ੀਲ ਪਦਾਰਥ 10.5% ਅਤੇ ਖਟਾਸ 0.7% ਹਨ ।

### ਅ) ਚਿੱਟੇ ਗੁੱਦੇ ਵਾਲੀਆਂ ਕਿਸਮਾਂ

1. **ਖੁਰਮਾਨੀ** : ਇਸ ਦੇ ਬੂਟੇ ਦਰਮਿਆਨੇ ਫੈਲਾਅ ਵਾਲੇ ਸਿੱਧੇ ਉੱਤੇ ਨੂੰ ਵੱਧਦੇ ਹਨ । ਇਸ ਦੇ ਫ਼ਲਾਂ ਜੂਨ ਦੇ ਪਹਿਲੇ ਹਫ਼ਤੇ ਪੱਕਦੇ ਹਨ । ਫ਼ਲ ਦਰਮਿਆਨਾ (70 ਗ੍ਰਾਮ), ਗੁੱਦਾ ਨਰਮ, ਰਸੀਲਾ ਅਤੇ ਪੱਕਣ ਤੇ ਗਿਟਕ ਨਾਲ ਚਿਮੜਿਆ ਰਹਿੰਦਾ ਹੈ । ਫ਼ਲ ਵਿੱਚ ਕੁੱਲ ਘੁਲਣਸ਼ੀਲ ਪਦਾਰਥ 13% ਅਤੇ ਖਟਾਸ 0.4% ਹੁੰਦੇ ਹਨ ।

2. **ਸ਼ਰਬਤੀ** : ਇਸ ਦੇ ਬੂਟੇ ਫੈਲਵੇਂ ਅਤੇ ਕਾਫ਼ੀ ਜ਼ੋਰਦਾਰ ਵਾਧੇ ਵਾਲੇ ਹੁੰਦੇ ਹਨ । ਫ਼ਲ ਜੂਨ ਦੇ ਅੰਤ ਤੋਂ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਪੱਕਦਾ ਹੈ । ਫ਼ਲ ਦਰਮਿਆਨਾ (70 ਗ੍ਰਾਮ), ਪੱਕਣ ਤੇ ਫ਼ਲ ਹਰਾ ਪੀਲਾ, ਉੱਤੇ ਗੁਲਾਬੀ ਧੱਬੇ ਅਤੇ ਗੁੱਦਾ ਗਿਟਕ ਨਾਲ ਚਿਮੜਿਆ ਰਹਿੰਦਾ ਹੈ । ਔਸਤ ਝਾੜ ਪ੍ਰਤੀ ਬੂਟਾ 100-120 ਕਿਲੋ ਹੈ । ਫ਼ਲ ਵਿੱਚ ਕੁੱਲ ਘੁਲਣਸ਼ੀਲ ਪਦਾਰਥ 13% ਅਤੇ ਖਟਾਸ 0.33% ਹੁੰਦੇ ਹਨ ।

**ਪ੍ਰਭਾਤ :** ਇਸ ਕਿਸਮ ਦੇ ਬੂਟੇ ਨਿਰੋਏ ਅਤੇ ਦਰਮਿਆਨੇ ਫੈਲਾਅ ਵਾਲੇ ਹੁੰਦੇ ਹਨ । ਇਸਦਾ ਫ਼ਲ ਅਪ੍ਰੈਲ ਦੇ ਤੀਸਰੇ ਹਫ਼ਤੇ ਵਿਚ ਪੱਕਦਾ ਹੈ । ਇਸਦਾ ਫ਼ਲਬੂਟੇ ਲਾਉਣ ਦਾ ਸਮਾਂ ਅਤੇ ਢੰਗ ਦਰਮਿਆਨੇ ਤੋਂ ਵੱਡੇ ਅਕਾਰ ਦਾ, ਗੋਲ ਅਤੇ ਲਾਲ ਭਾਅ ਮਾਰਦਾ ਹੈ । ਇਸਦਾਗੁੱਦਾ ਸਫ਼ੈਦ, ਰਸ ਭਰਪੂਰ ਅਤੇ ਮਿੱਠਾ ਹੁੰਦਾ ਹੈ । ਇਸਦਾ ਫ਼ਲ ਪੱਕਣ ਤੇ ਇਸਦੀ ਗਿੱਟਕ ਗੁੱਦੇ ਨਾਲੋਂ ਵੱਖਰੀ ਹੋ ਜਾਂਦੀ ਹੈ । ਇਸ ਵਿਚ ਘੁਲਣਸ਼ੀਲ ਖੰਡ 12% ਅਤੇ ਤੇਜ਼ਾਬੀ ਮਾਦਾ 0.37% ਹੁੰਦਾ ਹੈ । ਇਸਦਾ ਝਾੜ ਲਗਭਗ 64 ਕਿਲੋ ਪ੍ਰਤੀ ਬੂਟਾ ਹੁੰਦਾ ਹੈ ।

### ੲ) ਨੈਕਟਰੇਨ

**ਪੰਜਾਬ ਨੈਕਟਰੇਨ** : ਬੂਟੇ ਨਰੋਏ ਅਤੇ ਖਿਲਰਵੇਂ ਹੁੰਦੇ ਹਨ । ਇਹ ਕਿਸਮ ਮਈ ਦੇ ਦੂਜੇ ਹਫ਼ਤੇ ਪੱਕਦੀ ਹੈ । ਫ਼ਲ ਵੱਡੇ (90 ਗ੍ਰਾਮ), ਗੋਲ, ਲਾਲ, ਲੂੰ ਰਹਿਤ ਅਤੇ ਦੇਖਣ ਵਿੱਚ ਸੋਹਣੇ ਹੁੰਦੇ ਹਨ । ਇਸ ਦਾ ਗੁੱਦਾ ਪੀਲਾ, ਥੋੜਾ ਸਖਤ ਅਤੇ ਪੱਕਣ ਤੇ ਗਿਟਕ ਨਾਲੋਂ ਵੱਖ ਹੋ ਜਾਂਦਾ ਹੈ । ਇਸ ਦੇ ਕੁੱਲ ਘੁਲਣਸ਼ੀਲ ਪਦਾਰਥ 11.5% ਅਤੇ ਖਟਾਸ 0.8% ਹਨ । ਔਸਤਨ ਝਾੜ ਪ੍ਰਤੀ ਬੂਟਾ ਤਕਰੀਬਨ 40 ਕਿਲੋਗ੍ਰਾਮ ਹੁੰਦਾ ਹੈ ।

### ਸ) ਜੜ੍ਹ-ਮੁੱਢ :

**ਫਲੋਰਡਾਗਾਰਡ :** ਆੜੂ ਲਈ ਇਹ ਨਵਾਂ ਜੜ੍ਹ-ਮੁੱਢ, ਜੜ੍ਹ ਦੇ ਗੰਢ ਦੇ ਰੋਗ ਪੈਦਾ ਕਰਨ ਵਾਲੇ ਨੀਮਾਟੋਡ ਤੋਂ ਰਹਿਤ ਹੈ । ਇਸ ਜੜ੍ਹ ਮੁੱਢ ਉਪਰ ਆੜੂ ਦੀਆਂ ਕਿਸਮਾਂ ਦਾ ਔਸਤਨ ਝਾੜ 17.3 ਕਿਲੋ/ਬੂਟਾ ਪ੍ਰਾਪਤ ਕੀਤਾ ਜਾ ਸਕਦਾ ਹੈ ਜਦਕਿ ਸ਼ਰਬਤੀ, ਖੁਰਮਾਨੀ, ਫਲੋਰਡਾਗਾਰਡ ਤੇ ਇਹ ਝਾੜ 10.3 ਕਿਲੋ/ਬੂਟਾ ਹੀ ਹੁੰਦਾ ਹੈ ।ਇਸ ਦੇ ਬੂਟੇ ਨਰੋਏ, ਫੈਲਾਅ ਵਾਲੇ, ਆਪਣੇ ਆਪ ਵਿੱਚ ਫ਼ਲ ਲੱਗਣ ਦੇ ਯੋਗ, ਜਲਦੀ ਫ਼ਲ ਦੇਣ ਵਾਲੇ ਅਤੇ ਲਾਲ ਪੱਤਿਆਂ ਵਾਲੇ ਹੁੰਦੇ ਹਨ । ਇਸ ਨੂੰ ਗੁਲਾਬੀ ਰੰਗ ਦੇ ਬਹੁਤ ਜ਼ਿਆਦਾ ਫੁੱਲ ਲੱਗਦੇ ਹਨ । ਫ਼ਲ ਪੀਲੇ ਗੁੱਦੇ ਵਾਲਾ, ਪੱਕਣ ਤੇ ਗਿਟਕ ਨਾਲੋਂ ਵੱਖ ਹੋ ਜਾਂਦਾ ਹੈ ਅਤੇ ਫ਼ਲਾਂ ਉੱਪਰ ਪੱਤਿਆਂ ਦੇ ਰੰਗ ਵਰਗੀ ਫਿੱਕੇ ਲਾਲ ਰੰਗ ਦੀ ਲੂੰ ਹੁੰਦੀ ਹੈ। ਫ਼ਲਾਂ ਦੇ ਪੱਕਣ ਦਾ ਸਮਾਂ ਜੂਨ ਦੇ ਆਖਰੀ ਹਫ਼ਤੇ ਤੋਂ ਜੁਲਾਈ ਦੇ ਪਹਿਲੇ ਹਫ਼ਤੇ ਦਾ ਹੈ ।

ਆੜੂ ਦੇ ਇੱਕ ਸਾਲ ਦੇ ਬੂਟੇ ਦਸੰਬਰ-ਜਨਵਰੀ ਤੱਕ ਜਦੋਂ ਇਹ ਪੂਰੀ ਤਰ੍ਹਾਂ ਆਪਣੀ ਸਿਥਲ ਅਵਸਥਾ ਵਿੱਚ ਹੋਣ, ਬਾਗ ਵਿੱਚ ਲਾਉਣੇ ਚਾਹੀਦੇ ਹਨ । ਬੂਟੇ ਹਮੇਸ਼ਾ ਨਿਮਾਟੋਡ ਅਤੇ ਕਰਾਊਨ ਗਾਲ ਰੋਗ ਤੋਂ ਰਹਿਤ ਹੀ ਲਾਉ । ਨਿਮਾਟੋਡ ਜੀਵਾਣੂਆਂ ਦੀ ਹੋਂਦ ਦੀ ਪਹਿਚਾਣ ਬਾਰੇ ਜੜ੍ਹਾਂ ਤੇ ਬਣੀਆਂ ਛੋਟੀਆਂ-ਛੋਟੀਆਂ ਗੰਢਾਂ ਜਾਂ ਦਾਨਿਆਂ ਅਤੇ ਇਨ੍ਹਾਂ ਤੇ ਚਿੰਬੜੀ ਗਿੱਲੀ ਮਿੱਟੀ ਤੋਂ ਕੀਤੀ ਜਾ ਸਕਦੀ ਹੈ । ਬੂਟੇ 6.5x6.5 ਮੀਟਰ ਫਾਸਲੇ ਤੇ ਲਾਏ ਜਾਂਦੇ ਹਨ । ਨਾਖ ਅਤੇ ਲੀਚੀ ਦੇ ਬਾਗਾਂ ਵਿੱਚ ਆੜੂ ਪੂਰਕ ਬੂਟਿਆਂ ਦੇ ਤੌਰ

ਤੇ ਵੀ ਲਾਏ ਜਾ ਸਕਦੇ ਹਨ । ਲਾਉਣ ਸਮੇਂ ਪਿਉਂਦੀ ਬੂਟਿਆਂ ਦਾ ਜੋੜ ਜ਼ਮੀਨ ਤੋਂ 10-15 ਸੈਂਟੀਮੀਟਰ ਉੱਚਾ ਰੱਖੋ । ਹਮੇਸ਼ਾ 1.0 ਤੋਂ 1.2 ਮੀਟਰ ਲੰਬਾਈ ਦੇ ਬੂਟੇ ਲਾਉਣ ਲਈ ਖਰੀਦੋ ।

**ਸੰਘਣੀ ਪ੍ਰਣਾਲੀ ਰਾਹੀਂ ਬੂਟੇ ਲਾਉਣੇ :** ਆੜੂ ਦੇ ਬੂਟੇ 6×1.5 ਮੀਟਰ ਦੇ ਫ਼ਾਸਲੇ ਤੇ 'Y' ਸਿਧਾਈ ਢੰਗ ਨਾਲ ਲਗਾਏ ਜਾ ਸਕਦੇ ਹਨ । ਇਸ ਵਿਧੀ ਨਾਲ ਫ਼ਲ ਦਾ ਝਾੜ ਅਤੇ ਗੁਣਵੱਤਾ ਪੁਰਾਣੇ ਢੰਗ ਨਾਲ ਬੂਟੇ ਲਾਉਣ ਨਾਲੋਂ ਵਧੀਆ ਹੁਮਦਿ ਹੈ ।

## ਸੁਧਾਈ ਅਤੇ ਕਾਂਟ-ਛਾਂਟ

ਬੂਟੇ ਦਾ ਆਕਾਰ ਸੀਮਤ ਕਰਨ ਲਈ ਅਤੇ ਹਰ ਵਰ੍ਹੇ ਫ਼ਲ ਲੱਗਣ ਵਾਲੀਆਂ ਨਵੀਆਂ ਟਾਹਣੀਆਂ ਪੈਦਾ ਕਰਨ ਲਈ ਆੜੂ ਦੀ ਸਿਧਾਈ ਅਤੇ ਕਾਂਟ-ਛਾਂਟ ਬੂਟੇ ਦੀ ਛੱਤਰੀ ਦੀ ਸੰਭਾਲ ਕਰਨ ਲਈ ਇੱਕ ਮੁੱਖ ਕੰਮ ਹੈ ।

**ਸੁਧਾਈ :** ਆੜੂ ਦੇ ਬੂਟਿਆਂ ਦੀ ਸਿਧਾਈ 'ਮੋਡੀਫਾਈਡ ਸਿਸਟਮ' (ਸੰਸ਼ੋਧਿਤ ਟੀਸੀ) ਢੰਗ ਮੁਤਾਬਿਕ ਕਰਨੀ ਚਾਹੀਦੀ ਹੈ । ਇਹ ਕੰਮ ਹੇਠ ਲਿਖੇ ਮੁਤਾਬਕ ਕਰੋ:

1. ਖੇਤ ਵਿੱਚ ਲਾਉਣ ਸਮੇਂ ਇੱਕ ਸਾਲ ਦੀ ਉਮਰ ਦੇ ਬੂਟਿਆਂ ਨੂੰ ਲਗਭਗ 90 ਸੈਂਟੀਮੀਟਰ ਦੀ ਉਚਾਈ ਤੋਂ ਕੱਟੋ । ਜੇ ਬੂਟੇ ਦੇ ਪਾਸਿਆਂ ਤੇ ਸ਼ਾਖਾਂ ਹੋਣ ਤਾਂ 1-2 ਅੱਖਾਂ ਰੱਖ ਕੇ ਉਤੋਂ ਕੱਟ ਦਿਉ ।
2. ਮਾਰਚ ਅਤੇ ਗਰਮੀਆਂ ਵਿੱਚ ਬੂਟੇ ਦੇ ਤਣੇ ਤੇ ਕਈ ਸ਼ਾਖਾਂ ਉੱਗਦੀਆਂ ਹਨ । ਇਨ੍ਹਾਂ ਨੂੰ ਸਾਰਾ ਸਮਾਂ ਵੱਧਣ ਦਿਉ । ਜਨਵਰੀ ਵਿੱਚ ਜਦੋਂ ਪੱਤੇ ਝੜ ਜਾਂਦੇ ਹਨ ਉਦੋਂ ਬੂਟੇ ਤੇ 4-5 ਨਰੋਈਆਂ ਟਾਹਣੀਆਂ ਜਿਹੜੀਆਂ ਕਿ ਤਣੇ ਤੋਂ ਥੱਲੇ ਉੱਤੇ ਚਾਰ-ਚੁਫੇਰੇ ਹੋਣ, ਉਨ੍ਹਾਂ ਨੂੰ ਚੁਣੋ ਅਤੇ ਬਾਕੀਆਂ ਨੂੰ ਮੁੱਢੋਂ 1-2 ਅੱਖਾਂ ਰੱਖ ਕੇ ਕੱਟ ਦਿਉ । ਤਣੇ ਤੇ ਸਭ ਤੋਂ ਨੀਵੀਂ ਟਹਿਣੀ ਜ਼ਮੀਨ ਤੋਂ 45 ਸੈਂਟੀਮੀਟਰ ਤੇ ਰੱਖਣੀ ਚਾਹੀਦੀ ਹੈ । ਵਿਚਕਾਰਲੀ ਟੀਸੀ ਵਾਲੀ ਟਹਿਣੀ ਨੂੰ ਲੀਡਰ ਕਿਹਾ ਜਾਂਦਾ ਹੈ। ਜੇਕਰ ਇਸ ਸਮੇਂ ਲੋੜੀਂਦੀਆਂ ਟਹਿਣੀਆਂ ਪੂਰੀਆਂ ਨਾ ਹੋਣ ਤਾਂ ਇਹ ਅਗਲੇ ਸਾਲ ਦੇ ਵਾਧੇ ਮਗਰੋਂ ਚੁਣੀਆਂ ਜਾ ਸਕਦੀਆਂ ਹਨ ।
3. ਦੂਜੀ ਗਰਮੀ ਅਤੇ ਵਰਖਾ ਰੁੱਤ ਵਿੱਚ ਬੂਟੇ ਦੀਆਂ ਚੁਣੀਆਂ ਹੋਈਆਂ ਟਹਿਣੀਆਂ ਤੇ ਹੋਰ ਸ਼ਾਖਾਂ ਤਿਆਰ ਹੁੰਦੀਆਂ ਹਨ । ਬੂਟੇ ਦੀ ਲੀਡਰ ਟਹਿਣੀ ਵੀ ਵੱਧਦੀ ਹੈ ਅਤੇ ਉਸ ਤੇ ਵੀ ਕਾਫ਼ੀ ਨਵੀਆਂ ਟਹਿਣੀਆਂ ਹੋ ਜਾਂਦੀਆਂ ਹਨ । ਇਨ੍ਹਾਂ ਵਿੱਚੋਂ 3-4 ਟਹਿਣੀਆਂ ਚੁਣੋ ਅਤੇ ਬਾਕੀਆਂ ਨੂੰ ਮੁੱਢੋਂ ਕੱਟ ਦਿਉ । ਇਸ ਸਮੇਂ ਲੀਡਰ ਟਹਿਣੀ ਨੂੰ ਹੇਠਲੀ ਕਿਸੇ ਪਾਸੇ ਦੀ ਟਹਿਣੀ ਦੇ ਨੇੜਿਉਂ ਰੱਖ ਕੇ ਕੱਟ ਦਿਉ । ਇਸ ਦਾ ਵਾਧਾ ਰੁੱਕ ਜਾਵੇਗਾ । ਇਸ ਢੰਗ ਨਾਲ ਸਿਧਾਏ ਬੂਟਿਆਂ ਦਾ ਢਾਂਚਾ ਮਜ਼ਬੂਤ ਬਣ ਜਾਵੇਗਾ ਅਤੇ ਬੂਟੇ ਲੰਮੇ ਸਮੇਂ ਤੱਕ ਭਰਵਾਂ ਫ਼ਲ ਦੇਣਗੇ ।

**ਕਾਂਟ-ਛਾਂਟ :** ਆੜੂ ਨੂੰ ਫ਼ਲ ਇੱਕ ਸਾਲ ਦੀ ਉਮਰ ਦੀਆਂ ਟਹਿਣੀਆਂ ਤੇ ਲਗਦਾ ਹੈ । ਇੱਕ ਸਾਲ ਦੀ ਉਮਰ ਦੀਆਂ ਟਹਿਣੀਆਂ ਜਿਨ੍ਹਾਂ ਤੇ ਫ਼ਲ ਲੱਗਣ ਦੀ ਉਮੀਦ ਹੋਵੇ ਉਨ੍ਹਾਂ ਦੀ ਕਾਂਟ-ਛਾਂਟ ਉਨ੍ਹਾਂ ਨੂੰ ਵਿਰਲੇ ਕਰਕੇ ਕਰਨੀ ਚਾਹੀਦੀ ਹੈ। ਕੁਝ ਲੰਮੀਆਂ ਜਾਂ ਫ਼ਲ ਨਾ ਲੱਗਣ ਵਾਲੀਆਂ ਟਹਿਣੀਆਂ ਨੂੰ ਉਤੋਂ ਕੱਟ ਕੇ ਛੋਟਾ ਕਰ ਦਿਉ ਤਾਂ ਜੋ ਬੂਟਿਆਂ ਦਾ ਵਾਧਾ ਸਹੀ ਹੋਵੇ ਅਤੇ ਉਨ੍ਹਾਂ ਤੇ ਵੱਡੇ ਆਕਾਰ ਦੇ ਵਧੀਆ ਗੁਣਾਂ ਵਾਲੇ ਫ਼ਲ ਲੱਗਣ । ਲੰਮੀਆਂ ਅਤੇ ਨੀਵੀਆਂ ਲਟਕੀਆਂ ਹੋਈਆਂ ਟਹਿਣੀਆਂ ਨੂੰ ਉਤੋਂ ਕੱਟ ਕੇ ਛੋਟਾ ਕਰ ਦਿਉ । ਕਾਂਟ-ਛਾਂਟ ਦਾ ਸਹੀ ਸਮਾਂ ਜਨਵਰੀ ਦਾ ਮਹੀਨਾ ਹੈ । ਜਿਹੜੇ ਟੱਕ 5 ਸੈਂਟੀਮੀਟਰ ਤੋਂ ਮੋਟੇ ਹਨ ਉਨ੍ਹਾਂ ਨੂੰ ਬੋਰਡੋ-ਪੇਸਟ (ਨੀਲਾ ਥੋਥਾ 2 ਕਿਲੋ+ਅਣਬੁਝਿਆ ਚੂਨਾ 3 ਕਿਲੋ+ਪਾਣੀ 30 ਲਿਟਰ ) ਅਤੇ 1-2 ਹਫ਼ਤੇ ਮਗਰੋਂ ਬੋਰਡੋ ਪੇਂਟ (ਨੀਲਾ ਥੋਥਾ 1 ਕਿਲੋ+ਅਣਬੁਝਿਆ ਚੂਨਾ 2 ਕਿਲੋ+ਅਲਸੀ ਦਾ ਤੇਲ 3 ਲਿਟਰ) ਦਾ ਲੇਪ ਲਗਾ ਦਿਉ ।

## ਫ਼ਲ ਵਿਰਲੇ ਕਰਨਾ

ਆੜੂ ਨੂੰ ਹਰ ਵਰ੍ਹੇ ਵਧੇਰੇ ਫ਼ਲ ਲਗਦਾ ਹੈ । ਜੇਕਰ ਇਨ੍ਹਾਂ ਸਾਰਿਆਂ ਫ਼ਲਾਂ ਨੂੰ ਪੱਕਣ ਤੱਕ ਵੱਧਣ ਦਿੱਤਾ ਜਾਵੇ ਤਾਂ ਇਹ ਛੋਟੇ ਆਕਾਰ ਦੇ ਘਟੀਆ ਕਿਸਮ ਵਾਲੇ ਰਹਿੰਦੇ ਹਨ ਅਤੇ ਮੰਡੀਕਰਣ ਵਾਲਾ ਝਾੜ ਵੀ ਘਟਦਾ ਹੈ । ਵਾਧੂ ਫ਼ਲ ਲੱਗਣ ਨਾਲ ਬੂਟੇ ਕਮਜ਼ੋਰ ਰਹਿੰਦੇ ਹਨ ਅਤੇ ਉਨ੍ਹਾਂ ਦੀ ਉਮਰ ਵੀ ਘੱਟ ਜਾਦੀ ਹੈ । ਇਸ ਸਮੱਸਿਆ ਤੇ ਕਾਬੂ ਪਾਉਣ ਲਈ ਫ਼ਲਾਂ ਨੂੰ ਹਰ ਵਰ੍ਹੇ ਵਿਰਲੇ ਕਰੋ । ਪਰਤਾਪ ਕਿਸਮ ਵਿੱਚ ਮਾਰਚ ਦੇ ਤੀਜੇ ਹਫ਼ਤੇ ਅਤੇ ਸ਼ਾਨੇ-ਪੰਜਾਬ ਕਿਸਮ 'ਚ ਤੀਜੇ-ਚੌਥੇ ਹਫ਼ਤੇ ਫ਼ਲ ਵਿਰਲੇ ਕਰਨ ਦਾ ਸਹੀ ਸਮਾਂ ਹੈ । ਟਹਿਣੀਆਂ ਤੇ ਫ਼ਲ ਤੋਂ ਫ਼ਲ ਦਾ ਫਾਸਲਾ 10-15 ਸੈਂਟੀਮੀਟਰ ਰੱਖੋ, ਬਾਕੀ ਬਚੇ ਕੱਚੇ ਫ਼ਲ ਤੋੜ ਦਿਉ । ਫ਼ਲ ਵਿਰਲੇ ਕਰਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਟਹਿਣੀਆਂ ਨੂੰ ਹੌਲੇ ਜਿਹੇ ਹਿਲਾਉ , ਕੁਝ ਕਮਜ਼ੋਰ ਡੰਡੀਆਂ ਵਾਲੇ ਫ਼ਲ ਆਪਣੇ ਆਪ ਝੜ ਜਾਣਗੇ ਅਤੇ ਬਾਕੀਆਂ ਵਿੱਚੋਂ ਛੋਟੇ ਆਕਾਰ ਜਾਂ ਕੀੜਿਆਂ ਨਾਲ ਜ਼ਖ਼ਮੀਂ ਹੋਏ ਫ਼ਲਾਂ ਨੂੰ ਤੋੜ ਕੇ ਸੁੱਟ ਦਿਉ । ਫ਼ਲ ਵਿਰਲੇ ਕਰਨ ਦਾ ਕੰਮ ਟਹਿਣੀ ਦੇ ਮੁੱਢ ਤੋਂ ਸ਼ੁਰੂ ਕਰਕੇ ਟੀਸੀ ਵੱਲ ਨੂੰ ਲੈ ਜਾਉ । ਇਹ ਕੰਮ ਫ਼ਲ ਦੀ ਗਿਟਕ ਸਖ਼ਤ ਹੋਣ ਤੋਂ ਪਹਿਲਾਂ ਪੂਰਾ ਕਰ ਲੈਣਾ ਚਾਹੀਦਾ ਹੈ । ਜੇਕਰ ਬੂਟਿਆਂ ਦੀ ਸਹੀ ਕਾਂਟ-ਛਾਂਟ ਹਰ ਵਰ੍ਹੇ ਕੀਤੀ ਜਾਵੇ ਤਾਂ ਵੀ ਬੂਟਿਆਂ ਤੇ ਫ਼ਲ ਘੱਟ ਲਗਦਾ ਹੈ ।

## ਖਾਦਾਂ

| ਬੂਟੇ ਦੀ ਉਮਰ (ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਖਾਦਾਂ (ਗ੍ਰਾਮ ਪ੍ਰਤੀ ਬੂਟਾ) | | |
|---|---|---|---|---|
| | | ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਰਾਸ਼ |
| 1-2 | 10-15 | 180-360 | 190-380 | 150-300 |
| 3-4 | 20-25 | 540-1000 | 570-760 | 450-830 |

| | | | | |
|---|---|---|---|---|
| 5 ਜਾਂ ਇਸ ਤੋਂ ਵੱਧ | 26 | 1000 | 760 | 830 |

ਦੇਸੀ ਰੂੜੀ, ਸੁਪਰਫ਼ਾਸਫ਼ੇਟ ਅਤੇ ਪੋਟਾਸ਼ ਰਲਾ ਕੇ ਦਸੰਬਰ ਵਿੱਚ ਪਾਉ । ਯੂਰੀਆ ਦੋ ਭਾਗਾਂ ਵਿੱਚ ਵੰਡ ਕੇ ਪਾਉ । ਅੱਧਾ ਬੂਟਿਆਂ ਦੀ ਕਾਂਟ-ਛਾਂਟ ਮਗਰੋਂ ਜਨਵਰੀ ਵਿੱਚ ਅਤੇ ਦੂਜਾ ਫ਼ਲ ਲੱਗਣ ਮਗਰੋਂ ਮਾਰਚ ਵਿੱਚ ਪਾਉ ।

**ਬੂਟਿਆਂ ਵਿੱਚ ਲੋਹੇ ਤੱਤ ਦੀ ਘਾਟ :** ਹਲਕੀਆਂ ਰੇਤਲੀਆਂ ਅਤੇ ਵੱਧ ਪੀ ਐੱਚ ਵਾਲੀਆਂ ਜ਼ਮੀਨਾ ਵਿੱਚ ਲੱਗੇ ਆੜੂ ਦੇ ਬਾਗਾਂ 'ਚ ਬੂਟਿਆਂ ਤੇ ਗਰਮੀਆਂ ਅਤੇ ਬਰਸਾਤਾਂ ਵਿੱਚ ਲੋਹੇ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਪ੍ਰਗਟ ਹੁੰਦੀਆਂ ਹਨ । ਟੀਸੀ ਦੇ ਵੱਧਦੇ ਨਵੇਂ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰਲੀ ਥਾਂ ਪੀਲੀ ਪੈ ਜਾਦੀ ਹੈ, ਜਦੋਂ ਕਿ ਨਾੜੀਆਂ ਹਰੀਆਂ ਨਜ਼ਰ ਆਉਂਦੀਆਂ ਹਨ । ਗੰਭੀਰ ਹਾਲਤਾਂ ਵਿੱਚ ਨਵੇਂ ਪੱਤੇ ਬਿਲਕੁਲ ਚਿੱਟੇ-ਪੀਲੇ ਹੁੰਦੇ ਹਨ ਜਿਹੜੇ ਕਿ ਮਗਰੋਂ ਹਰੇ ਹੋ ਜਾਂਦੇ ਹਨ। ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਮਾਰਚ ਦੇ ਦੂਜੇ ਪੰਦਰਵਾੜੇ ਵਿੱਚ ਪੱਤਿਆਂ ਤੇ ਪ੍ਰਗਟ ਹੁੰਦੀਆਂ ਹਨ ਅਤੇ ਮਗਰੋਂ ਤੇਜ਼ੀ ਨਾਲ ਵੱਧਦੀਆਂ ਹਨ । ਲੋਹੇ ਤੱਤ ਦੀ ਘਾਟ ਬੂਟਿਆਂ ਤੇ 0.3% ਫੈਰਸ ਸਲਫੇਟ ਦੇ ਘੋਲ ਦਾ ਛਿੜਕਾਅ ਅਪ੍ਰੈਲ, ਜੂਨ ਅਤੇ ਅਗਸਤ-ਸਤੰਬਰ ਵਿੱਚ ਕਰਕੇ ਪੂਰੀ ਕੀਤੀ ਜਾਂਦੀ ਹੈ ।

## ਸਿੰਚਾਈ

ਆੜੂ ਨੂੰ ਫ਼ਲ ਮਾਰਚ ਵਿੱਚ ਲੱਗਦੇ ਹਨ ਅਤੇ ਕਿਸਮ ਮੁਤਾਬਕ ਅਪ੍ਰੈਲ ਦੇ ਅਖੀਰ ਤੋਂ ਲੈ ਕੇ ਜੂਨ ਦੇ ਸ਼ੁਰੂ ਤੱਕ ਵੱਧਦੇ ਅਤੇ ਪੱਕਦੇ ਰਹਿੰਦੇ ਹਨ । ਫ਼ਲ ਪੱਕਣ ਤੋਂ 25-30 ਦਿਨ ਪਹਿਲਾਂ ਦਾ ਸਮਾਂ ਬੂਟਿਆਂ ਦੀ ਸਿੰਚਾਈ ਦਾ ਸਭ ਤੋਂ ਢੁਕਵਾਂ ਸਮਾਂ ਹੈ। ਕਿਉਂਕਿ ਇਸ ਸਮੇਂ ਦੌਰਾਨ ਬੂਟਿਆਂ ਤੇ ਫ਼ਲ ਦਾ ਭਾਰ ਬਹੁਤ ਤੇਜ਼ੀ ਨਾਲ ਵੱਧਦਾ ਹੈ । ਇਸ ਲਈ ਆੜੂ ਦੀ ਸਿੰਚਾਈ ਦਾ ਇਹ ਸੱਭ ਤੋਂ ਨਾਜ਼ੁਕ ਸਮਾਂ ਹੈ । ਬਾਕੀ ਸਮੇਂ ਦੌਰਾਨ ਲੋੜ ਅਨੁਸਾਰ ਪਾਣੀ ਦਿੰਦੇ ਰਹੋ ।

### ਆੜੂ ਦੀਆਂ ਵੱਖ-ਵੱਖ ਕਿਸਮਾਂ ਦੀ ਸਿੰਚਾਈ ਦਾ ਨਾਜ਼ੁਕ ਸਮਾਂ

| ਕਿਸਮ | ਸਿੰਚਾਈ ਦਾ ਨਾਜ਼ੁਕ ਸਮਾਂ |
|---|---|
| ਪਰਤਾਪ ਅਤੇ ਫਲੋਰਡਾਪ੍ਰਿੰਸ | ਮਾਰਚ ਅਖੀਰ ਤੋਂ ਅਪ੍ਰੈਲ ਦਾ ਤੀਜਾ ਹਫਤਾ |
| ਸ਼ਾਨੇ ਪੰਜਾਬ ਅਤੇ ਅਰਲੀਗਰੈਡ | ਅਪ੍ਰੈਲ ਅੱਧ ਤੋਂ ਮਈ ਦਾ ਪਹਿਲਾ ਹਫਤਾ |
| ਖੁਰਮਾਨੀ | ਮਈ ਤੋਂ ਜੂਨ ਦਾ ਪਹਿਲਾਂ ਪੰਦਰਵਾੜਾ |
| ਸ਼ਰਬਤੀ | ਮਈ ਅੰਤ ਤੋਂ ਜੂਨ ਅੰਤ |

ਆੜੂ ਦੀ ਸਿੰਚਾਈ ਦਾ ਆਪਸੀ ਫ਼ਰਕ ਜ਼ਮੀਨ ਅਤੇ ਪਾਣੀ ਦੇ ਸੋਮੇ ਤੇ ਨਿਰਭਰ ਕਰਦਾ ਹੈ ।ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪਰਤਾਪ, ਫਲੋਰਡਾਪ੍ਰਿੰਸ, ਅਰਲੀਗਰੇਡ ਅਤੇ ਸ਼ਾਨੇ-ਪੰਜਾਬ ਨੂੰ ਫ਼ਲ ਲੱਗਣ ਮਗਰੋਂ ਤਿੰਨ-ਚਾਰ ਦਿਨਾਂ ਦੇ ਫ਼ਰਕ ਨਾਲ ਸਿੰਚਾਈ ਕਰਨੀ ਚਾਹੀਦੀ ਹੈ । ਇਸ ਤੋਂ ਮਗਰੋਂ ਅਪ੍ਰੈਲ ਦੇ ਦੂਜੇ ਹਫ਼ਤੇ ਤੋਂ ਲੈ ਕੇ ਫ਼ਲ ਪੱਕਣ ਤੱਕ ਹਰ 3-4 ਦਿਨਾਂ ਮਗਰੋਂ ਸਿੰਚਾਈ ਕਰੋ ।

## ਨਦੀਨਾਂ ਦੀ ਰੋਕਥਾਮ

ਬਹਾਰ ਰੁੱਤ ਅਤੇ ਵਰਖਾ ਰੁੱਤ ਵਿੱਚ ਆੜੂ ਦੇ ਬਾਗਾਂ ਵਿੱਚ ਕਈ ਕਿਸਮਾਂ ਦੇ ਨਦੀਨ ਉੱਗ ਆਉਂਦੇ ਹਨ । ਉਨ੍ਹਾਂ ਤੇ ਹੇਠ ਲਿਖੀਆਂ ਨਦੀਨ ਨਾਸ਼ਕ ਦਵਾਈਆਂ ਦੇ ਛਿੜਕਾਅ ਨਾਲ ਕਾਬੂ ਪਾਇਆ ਜਾ ਸਕਦਾ ਹੈ । ਮਾਰਚ ਦੇ ਪਹਿਲੇ ਹਫ਼ਤੇ ਵਿੱਚ ਬਾਗ ਦੀ ਚੰਗੀ ਤਰ੍ਹਾਂ ਵਹਾਈ ਕਰਕੇ ਨਦੀਨਾਂ ਤੋਂ ਬਿਲਕੁਲ ਰਹਿਤ ਕਰੋ । ਹੈਕਸਾਯੂਰੋਨ 80 ਡਬਲਯੂ ਪੀ (ਡਾਈਯੂਰਾਨ) 2.0 ਕਿਲੋ ਪ੍ਰਤੀ ਹੈਕਟਰ ਜਾ ਗਲਾਈਫੋਸੇਟ (ਗਲਾਈਸੈਲ 41 ਐਸ ਐਲ) ਜਾਂ ਗਰਾਮੈਕਸੋਨ 24 ਡੀ ਐਸ ਸੀ (ਪੈਰਾਕੁਆਟ) 1.5 -2.0 ਲਿਟਰ ਪ੍ਰਤੀ ਹੈਕਟਰ ਦੇ ਹਿਸਾਬ ਨਾਲ 500 ਲਿਟਰ ਪਾਣੀ ਵਿੱਚ ਘੋਲ ਕੇ ਚੰਗੀ ਤਰ੍ਹਾਂ ਨਦੀਨਾ ਤੇ ਛਿੜਕਾਅ ਕਰੋ। ਡਾਈਯੂਰਾਨ ਦਾ ਛਿੜਕਾਅ ਨਦੀਨ ਉੱਗਣ ਤੋਂ ਪਹਿਲਾ ਮਾਰਚ ਦੇ ਪਹਿਲੇ ਹਫ਼ਤੇ ਵਿੱਚ ਕਰੋ ਜਦੋਂ ਕਿ ਗਲਾਈਫੋਸੇਟ ਜਾ ਗਰਾਮੈਕਸੋਨ ਨਦੀਨ ਉੱਗਣ ਤੋਂ ਮਗਰੋਂ ਜਦੋਂ ਇਹ 15-20 ਸੈਂਟੀਮੀਟਰ ਉੱਚੇ ਹੋਣ, ਛਿੜਕਾਅ ਕਰੋ । ਦਵਾਈਆਂ ਦੇ ਛਿੜਕਾਅ ਕਰਨ ਵੇਲੇ ਤੇਜ਼ ਹਵਾ ਨਾ ਚੱਲਦੀ ਹੋਵੇ । ਵਰਖਾ ਰੁੱਤ ਵਿੱਚ ਕਾਫ਼ੀ ਨਦੀਨ ਉੱਗ ਆਉਂਦੇ ਹਨ । ਇਸ ਲਈ ਗਲਾਈਫੋਸੇਟ ਜਾਂ ਗਰਾਮੈਕਸੋਨ ਦਵਾਈ ਦਾ ਛਿੜਕਾਅ ਇਨ੍ਹਾਂ ਉਪਰ ਦੁਬਾਰਾ ਵੀ ਕੀਤਾ ਜਾ ਸਕਦਾ ਹੈ ।

## ਫ਼ਲਾਂ ਦਾ ਪੱਕਣਾ ਅਤੇ ਉਨ੍ਹਾਂ ਦੀ ਤੁੜਾਈ

ਫ਼ਲਾਂ ਨੂੰ ਹਮੇਸ਼ਾ ਪੱਕਣ ਦੀ ਸਹੀ ਅਵੱਸਥਾ ਤੇ ਤੋੜਨਾ ਚਾਹੀਦਾ ਹੈ । ਜੇ ਫ਼ਲ ਦੂਰ ਦੀਆਂ ਮੰਡੀਆਂ ਵਿੱਚ ਲਿਜਾਣਾ ਹੋਵੇ ਤਾਂ ਉਨ੍ਹਾਂ ਨੂੰ ਡੱਡਰ (ਗੋਦਰ) ਹਾਲਤ ਵਿੱਚ ਤੋੜ ਲੈਣਾ ਚਾਹੀਦਾ ਹੈ । ਉਸ ਸਮੇਂ ਫ਼ਲਾਂ ਦਾ ਰੰਗ ਹਰੇ ਤੋਂ ਪੀਲਾ ਹੋਣਾ ਸ਼ੁਰੂ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੱਥਾਂ ਵਿੱਚ ਘੁੱਟਣ ਤੇ ਬਹੁਤ ਥੋੜ੍ਹਾ ਦੱਬਦਾ ਹੈ । ਇਹ ਨਿਸ਼ਾਨੀਆਂ ਆੜੂ ਦੇ ਪੀਲੇ ਗੁੱਦੇ ਵਾਲੀਆਂ ਕਿਸਮਾਂ ਦੀਆਂ ਹਨ । ਜੇ ਫ਼ਲ ਸਥਾਨਕ ਮੰਡੀ ਵਿੱਚ ਭੇਜਣਾ ਹੋਵੇ ਤਾਂ ਇਸ ਨੂੰ ਪੂਰਾ ਪੱਕਣ ਤੋਂ ਇੱਕ-ਦੋ ਦਿਨ ਪਹਿਲਾਂ ਹੀ ਤੋੜੋ । ਚਿੱਟੇ ਗੁੱਦੇ ਵਾਲੀਆਂ ਕਿਸਮਾਂ

ਵਿੱਚ ਪੱਕਣ ਸਮੇਂ ਫ਼ਲਾਂ ਦਾ ਰੰਗ ਪੀਲੇ ਸੁੱਕੇ ਘਾਹ ਵਰਗਾ ਅਤੇ ਪਾਸਿਆਂ ਤੋਂ ਗੁਲਾਬੀ ਰੰਗ ਦੀ ਭਾਅ ਮਾਰਦੇ ਹਨ । ਇਸ ਸਮੇਂ ਤੋੜੇ ਹੋਏ ਫ਼ਲ 3-4 ਦਿਨਾਂ ਵਿੱਚ ਪੱਕ ਜਾਂਦੇ ਹਨ । ਬੂਟੇ ਤੇ ਸਾਰੇ ਫ਼ਲ ਇੱਕੋ ਹੀ ਸਮੇਂ ਨਹੀਂ ਪੱਕਦੇ । ਅਗੇਤੇ ਲੱਗੇ ਹੋਏ ਪਹਿਲਾਂ ਅਤੇ ਪਛੇਤੇ ਲੱਗੇ ਹੋਏ ਫ਼ਲ ਮਗਰੋਂ ਪੱਕਦੇ ਹਨ । ਸਾਧਾਰਨ ਤੌਰ ਤੇ ਫ਼ਲਾਂ ਦੀ ਤੁੜਾਈ 3-4 ਵਾਰੀਆਂ ਵਿੱਚ ਪੂਰੀ ਹੁੰਦੀ ਹੈ । ਫ਼ਲ ਤੋੜਦੇ ਸਮੇਂ ਇਨ੍ਹਾਂ ਨੂੰ ਤੂਤ ਦੀ ਟੋਕਰੀਆਂ ਵਿੱਚ ਜਾਂ ਪਲਾਸਟਕ ਦੇ ਡੱਬੇ ਜਿਨ੍ਹਾਂ ਵਿੱਚ ਸੁੱਕਾ ਨਰਮ ਘਾਹ ਵਿਛਾਇਆ ਹੋਵੇ, ਵਿੱਚ ਆਰਾਮ ਨਾਲ ਰੱਖੋ । ਫ਼ਲ ਤੋੜਨ ਅਤੇ ਢੋਆ-ਢੁਆਈ ਲਈ ਪਲਾਸਟਕ ਦੇ ਡੱਬੇ ਵੀ ਵਰਤੇ ਜਾ ਸਕਦੇ ਹਨ । ਇਸ ਤੋਂ ਇਲਾਵਾ ਮੋਟੇ ਕੱਪੜੇ ਦੇ ਵੱਡੇ ਆਕਾਰ ਦੇ ਗੋਲ ਥੱਲੇ ਵਾਲੇ ਖੁੱਲ੍ਹੇ ਥੈਲੇ ਵੀ ਵਰਤੇ ਜਾ ਸਕਦੇ ਹਨ। ਤੋੜਨ ਤੋਂ ਤੁਰੰਤ ਮਗਰੋਂ ਫ਼ਲਾਂ ਨੂੰ ਛਾਂ ਹੇਠ ਹਵਾਦਾਰ ਥਾਂ ਜਾਂ ਸ਼ੈੱਡ ਵਿੱਚ ਜਿੱਥੇ ਪੱਖੇ ਆਦਿ ਲੱਗੇ ਹੋਣ, ਹੌਲੀ ਹੌਲੀਹੌਲੀ ਢੇਰੀ ਕਰੋ । ਫ਼ਲ ਨੂੰ ਦੂਰ ਦੀ ਮੰਡੀ ਵਿੱਚ ਲੈ ਜਾਣਾ ਹੋਵੇ ਤਾਂ ਫ਼ਲਾਂ ਨੂੰ 10- 15 ਮਿੰਟ ਠੰਢੇ ਪਾਣੀ ਵਿੱਚ ਡੁਬੋ ਕੇ ਠੰਢਾ ਕੀਤਾ ਜਾ ਸਕਦਾ ਹੈ ਅਤੇ ਤੁਰੰਤ ਮਗਰੋਂ ਫ਼ਲਾਂ ਤੇ ਲੱਗਿਆਂ ਪਾਣੀ ਹਵਾ ਵਿੱਚ ਰੱਖ ਕੇ ਚੰਗੀ ਤਰ੍ਹਾਂ ਸੁਕਾ ਦਿਉ । ਇੰਝ ਕਰਨ ਨਾਲ ਫ਼ਲਾਂ ਦੀ ਪੱਕਣ ਕਿਰਿਆ ਮੱਧਮ ਪੈ ਜਾਂਦੀ ਹੈ ।

### ਤੁੜਾਈ ਮਗਰੋਂ ਫ਼ਲਾਂ ਦੀ ਸੰਭਾਲ

ਫ਼ਲਾਂ ਦੀ ਤੁੜਾਈ ਮਗਰੋਂ ਡੱਬਿਆਂ ਵਿੱਚ ਬੰਦ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਛਾਂਟੀ ਕਰੋ । ਕੱਚੇ ਜਾਂ ਬਹੁਤੇ ਨਰਮ ਜਾਂ ਦਾਗੀ ਫ਼ਲਾਂ ਨੂੰ ਛਾਂਟ ਕੇ ਢੇਰ ਵਿੱਚੋਂ ਕੱਢ ਦਿਉ । ਇਸ ਤੋਂ ਮਗਰੋਂ ਫ਼ਲਾਂ ਦੀ ਡੱਬਾ ਬੰਦੀ ਵੀ ਵੱਖ-ਵੱਖ ਕਰੋ । ਆੜੂ ਦੇ ਵਪਾਰਕ ਪੱਧਰ ਤੇ ਦਰਜਾਬੰਦੀ ਅਤੇ ਡੱਬਾ ਬੰਦੀ ਬਾਰੇ ਹੇਠਾਂ ਦੱਸਿਆ ਗਿਆ ਹੈ।

| ਫਲਾਂ ਦਾ ਗਰੇਡ (ਦਰਜਾ) | ਫਲ ਦਾ ਆਕਾਰ (ਸੈਂਟੀਮੀਟਰ) | ਡੱਬੇ ਦਾ ਅੰਦਰਲਾ ਆਕਾਰ (ਸੈਂਟੀਮੀਟਰ) | ਫਲਾਂ ਦੀਆਂ ਤਹਿਆਂ | ਪ੍ਰਤੀ ਤਹਿ ਫਲਾਂ ਦੀ ਗਿਣਤੀ |
|---|---|---|---|---|
| ਸਪਸ਼ੈਲ | 5.5 ਤੋਂ 6.3 ਜਾਂ ਇਸ ਤੋਂ ਵੱਧ | 37x16.5x16.5 | 3 | 28-32 |
| ਗਰੇਡ-1 | 4.6 ਤੋਂ 5.5 | 37x16.5x16.5 | 4 | 35-38 |
| ਗਰੇਡ-2 | 4.6 ਤੋਂ ਘੱਟ | 37x16.5x16.5 | 4 | 38-43 |

ਸਾਧਾਰਨ ਤੌਰ ਤੇ 2 ਜਾਂ 4 ਕਿਲੋ ਆਕਾਰ ਦੇ ਮੋਟੇ ਗੱਤੇ ਦੋ ਮੋਰੀਆਂ ਵਾਲੇ ਡੱਬੇ ਫ਼ਲਾਂ ਦੀ ਪੈਕਿੰਗ ਲਈ ਵਰਤੇ ਜਾਂਦੇ ਹਨ । ਇਹ ਲੱਕੜੀ ਦੇ ਡੱਬਿਆਂ ਨਾਲੋਂ ਵਧੀਆ ਹਨ ਅਤੇ ਬੰਦ ਕਰਨੇ ਸੌਖੇ ਹੁੰਦੇ ਹਨ । ਤੁੜਾਈ ਮਗਰੋਂ ਆੜੂ ਦੇ ਫ਼ਲ ਛੇਤੀ ਨਰਮ ਹੋ ਕੇ ਖਰਾਬ ਹੋ ਜਾਂਦੇ ਹਨ । ਇਹ ਦੇਖਿਆ ਗਿਆ ਹੈ ਕਿ ਜੇਕਰ ਆੜੂਆਂ ਨੂੰ ਵਪਾਰਕ ਕੋਲਡ ਸਟੋਰਾਂ (ਸ਼ੀਤ ਘਰਾਂ) ਵਿੱਚ ਜਿਨ੍ਹਾਂ ਦਾ ਅੰਦਰਲਾ ਤਾਪਮਾਨ 0- 3.3 ਡਿਗਰੀ ਸੈਂਟੀਗਰੇਡ ਅਤੇ ਹਵਾ ਦੀ ਨਮੀ 85-90% ਹੁੰਦੀ ਹੈ, ਫ਼ਲਾਂ ਨੂੰ ਲਗਭਗ 25 ਦਿਨਾਂ ਤੱਕ ਸਹੀ ਹਾਲਤ ਵਿੱਚ ਰੱਖਿਆ ਜਾ ਸਕਦਾ ਹੈ ।

# ਅਲੂਚਾ




ਸਤਲੁਜ ਪਰਪਲ




ਕਾਲਾ ਅੰਮ੍ਰਿਤਸਰੀ

## ਉੱਨਤ ਕਿਸਮਾਂ

**ਸਤਲੁਜ ਪਰਪਲ :** ਇਹ ਵੱਡੇ ਆਕਾਰ ਦੇ ਫ਼ਲਾਂ ਵਾਲੀ ਵਧੀਆ ਗੁਣਾਂ ਵਾਲੀ ਕਿਸਮ ਹੈ । ਇਸ ਨੂੰ ਇਕੱਲਿਆਂ ਲਗਾਉਣ ਤੇ ਫ਼ਲ ਨਹੀਂ ਲੱਗਦਾ । ਇਸ ਲਈ ਇਸ ਦੇ ਬਾਗ ਵਿੱਚ ਕਾਲਾ ਅੰਮ੍ਰਿਤਸਰੀ ਦੇ ਬੂਟੇ 85 : 25 ਦੇ ਅਨੁਪਾਤ ਵਿੱਚ ਲਗਾਉਣੇ ਚਾਹੀਦੇ ਹਨ । ਹਰ ਦੂਜੀ ਕਤਾਰ ਵਿੱਚ, ਸਤਲੁਜ ਪਰਪਲ ਦੇ ਬੂਟੇ ਤੋਂ ਅਗਲਾ ਬੂਟਾ ਕਾਲਾ ਅੰਮ੍ਰਿਤਸਰੀ ਦਾ ਹੋਣਾ ਚਾਹੀਦਾ ਹੈ । ਇਸ ਕਿਸਮ ਦੇ ਬੂਟੇ ਦਰਮਿਆਨੇ ਖੜ੍ਹਵੇਂ ਹੁੰਦੇ ਹਨ । ਫ਼ਲ ਲਗਭਗ ਗੋਲ, ਭਾਰ 25-30 ਗਰਾਮ, ਪੱਕਣ ਤੇ ਫ਼ਲ ਗੇਰੂਏ ਰੰਗ ਦਾ, ਛਿਲਕਾ ਮੋਟਾ, ਗੁੱਦਾ ਸੰਤਰੀ-ਪੀਲੇ ਰੰਗ ਦਾ ਤੇ ਥੋੜ੍ਹਾ ਸਖ਼ਤ ਹੁੰਦਾ ਹੈ । ਇਸ ਕਿਸਮ ਦੇ ਫ਼ਲਾਂ ਵਿੱਚ ਕੁੱਲ ਘੁਲਣਸ਼ੀਲ ਪਦਾਰਥ (ਮਿਠਾਸ) 13-14 ਪ੍ਰਤੀਸ਼ਤ ਅਤੇ ਖਟਾਸ 0.6-0.7 ਪ੍ਰਤੀਸ਼ਤ ਹੁੰਦੀ ਹੈ ਅਤੇ ਫ਼ਲ ਤਾਜ਼ੇ ਵਰਤਣ ਲਈ ਬਹੁਤ ਢੁੱਕਵੇਂ ਹਨ । ਇਹ ਕਿਸਮ ਮਈ ਦੇ ਪਹਿਲੇ ਹਫ਼ਤੇ ਪੱਕਣੀ ਸ਼ੁਰੂ ਹੁੰਦੀ ਹੈ । ਇਸ ਦਾ ਪ੍ਰਤੀ ਬੂਟਾ ਝਾੜ ਲਗਭਗ 40 ਕਿਲੋ ਹੈ ।

**ਕਾਲਾ ਅੰਮ੍ਰਿਤਸਰੀ :** ਇਸ ਕਿਸਮ ਦੇ ਬੂਟੇ ਵੱਡੇ ਆਕਾਰ ਦੇ ਵਧੇਰੇ ਫ਼ਲ ਲੱਗਣ ਵਾਲੇ ਹੁੰਦੇ ਹਨ । ਇਹ ਸਵੈ-ਪ੍ਰਾਗਣ ਕਿਸਮ ਹੈ । ਫ਼ਲ ਛੋਟੇ ਦਰਮਿਆਨੇ ਭਾਰ (15-20 ਗ੍ਰਾਮ), ਗੋਲ ਥੋੜ੍ਹੀ ਬੈਠਵੀਂ ਸ਼ਕਲ ਦੇ, ਪੱਕਣ ਤੇ ਗੂੜ੍ਹੇ ਜਾਮਣੀ ਰੰਗ ਦੇ, ਗੁੱਦਾ ਗੂੜ੍ਹਾ ਪੀਲਾ, ਨਰਮ ਤੇ ਰਸੀਲਾ ਹੁੰਦਾ ਹੈ । ਫ਼ਲਾਂ ਵਿੱਚ ਮਿਠਾਸ 15 ਪ੍ਰਤੀਸ਼ਤ ਅਤੇ ਖਟਾਸ 1.2 ਪ੍ਰਤੀਸ਼ਤ ਹੁੰਦੀ ਹੈ । ਇਸ ਕਿਸਮ ਦੇ ਫ਼ਲ ਜੈਮ ਬਨਾਉਣ ਲਈ ਬਹੁਤ ਢੁੱਕਵੇਂ ਹਨ । ਇਹ ਕਿਸਮ ਮਈ ਦੇ ਦੂਜੇ ਹਫ਼ਤੇ ਵਿੱਚ ਪੱਕਦੀ ਹੈ ਅਤੇ ਇਸ ਦਾ ਪ੍ਰਤੀ ਬੂਟਾ ਝਾੜ ਲਗਭਗ 45 ਕਿਲੋ ਹੈ ।

## ਬੂਟੇ ਤਿਆਰ ਕਰਨਾ

ਕਾਲਾ ਅੰਮ੍ਰਿਤਸਰੀ ਦੇ ਬੂਟੇ ਕਲਮਾਂ ਰਾਂਹੀ ਅਤੇ ਸਤਲੁਜ ਪਰਪਲ ਕਿਸਮ ਦੇ ਬੂਟੇ ਕਲਮਾਂ ਉੱਤੇ ਸਿੱਧੇ ਪਿਉਂਦ ਰਾਂਹੀ ਤਿਆਰ ਕੀਤੇ ਜਾਂਦੇ ਹਨ । ਬੂਟਿਆਂ ਤੋਂ ਕਲਮਾਂ ਤਿਆਰ ਕਰਨ ਲਈ ਅਤੇ ਉਨ੍ਹਾਂ ਤੇ ਪਿਉਂਦ ਕਰਨ ਲਈ ਦਸੰਬਰ ਅਖੀਰ ਤੋਂ ਲੈ ਕੇ ਜਨਵਰੀ ਅਖੀਰ ਤੱਕ ਦਾ ਸਮਾਂ ਬਹੁਤ ਹੀ ਢੁੱਕਵਾਂ ਹੈ । ਜੇਕਰ ਕਲਮਾਂ ਲਗਾਉਣੀਆਂ ਹੋਣ ਤਾਂ ਉਨ੍ਹਾਂ ਦੀ ਲੰਬਾਈ 15-20 ਸੈਂਟੀਮੀਟਰ, ਮੋਟਾਈ ਪੈਂਸਿਲ ਜਿੰਨੀ ਅਤੇ ਹਰ ਕਲਮ ਤੇ 4-5 ਮੋਟੀਆਂ ਅੱਖਾਂ ਹੋਣੀਆਂ ਚਾਹੀਦੀਆਂ ਹਨ । ਲਾਉਣ ਤੋਂ ਪਹਿਲਾਂ ਕਲਮਾਂ ਦੇ ਹੇਠਲੇ 4-5 ਸੈਂਟੀਮੀਟਰ ਹਿੱਸੇ ਨੂੰ 24 ਘੰਟੇ ਲਈ ਇੰਡੋਲ ਬਿਊਟੈਰਿਕ ਏਸਿਡ (ਆਈ ਬੀ ਏ) ਦੇ 100 ਪੀ ਪੀ ਐਮ ਦੇ ਘੋਲ ਵਿੱਚ ਡੁਬੋ ਕੇ ਰੱਖੋ (100 ਮਿਲੀਗ੍ਰਾਮ ਆਈ ਬੀ ਏ ਨੂੰ 10-15 ਮਿਲੀਲਿਟਰ ਅਲਕੋਹਲ ਵਿੱਚ ਘੋਲ ਕੇ ਇੱਕ ਲਿਟਰ ਘੋਲ ਤਿਆਰ ਕਰੋ । ਆਈ ਬੀ ਏ ਨੂੰ ਪਹਿਲਾਂ ਅਲਕੋਹਲ ਵਿੱਚ ਘੋਲੋ ਤੇ ਮਗਰੋਂ ਪਾਣੀ ਪਾਉ । ਸਤਲੁਜ-ਪਰਪਲ ਕਿਸਮ ਦੇ ਬੂਟੇ ਤਿਆਰ ਕਰਨ ਲਈ ਇਸ ਨੂੰ ਕਾਬੁਲਗਰੀਨ- ਗੇਜ਼ ਅਲੂਚੇ ਦੀਆਂ ਕਲਮਾਂ ਤੇ ਸਿੱਧੇ ਪਿਉਂਦ ਕੀਤੀ ਜਾਂਦੀ ਹੈ । ਪਿਉਂਦ ਕਰਨ ਲਈ ਕਲਮ ਦਾ ਆਕਾਰ 20 ਸੈਂਟੀਮੀਟਰ ਤੋਂ ਘੱਟ ਨਹੀਂ ਰੱਖਣਾ ਚਾਹੀਦਾ। ਪਿਉਂਦ ਲੱਕੜ 8-10 ਸੈਂਟੀਮੀਟਰ ਲੰਮੀ ਅਤੇ 4-5 ਅੱਖਾਂ ਵਾਲੀ ਹੋਣੀ ਚਾਹੀਦੀ ਹੈ । ਤਿਆਰ ਕੀਤੀਆਂ ਪਿਉਂਦੀ ਕਲਮਾਂ ਦੇ ਹੇਠਲੇ 4-5 ਸੈਂਟੀਮੀਟਰ ਹਿੱਸੇ ਨੂੰ 24 ਘੰਟੇ ਲਈ ਆਈ ਬੀ ਏ ਦੇ 100 ਪੀ ਪੀ ਐਮ ਦੇ ਘੋਲ ਵਿੱਚ ਡੁਬੋ ਕੇ ਰੱਖੋ । ਮਗਰੋਂ ਕਲਮਾਂ ਅਤੇ ਪਿਉਂਦੀ ਕਲਮਾਂ ਨੂੰ ਚੰਗੀ ਤਰ੍ਹਾਂ ਤਿਆਰ ਕੀਤੇ ਨਰਸਰੀ ਦੇ ਪਲਾਟਾਂ ਵਿੱਚ ਆਪਸੀ 15-20 ਸੈਂਟੀਮੀਟਰ ਦੇ ਫ਼ਾਸਲੇ ਤੇ 30 ਸੈਂਟੀਮੀਟਰ ਦੇ ਫ਼ਾਸਲੇ ਤੇ ਰੱਖੀਆਂ ਕਤਾਰਾਂ ਵਿੱਚ ਲਗਾਉ । ਕਲਮਾਂ ਜਾ ਪਿਉਂਦ ਰਾਂਹੀ ਤਿਆਰ ਕੀਤੇ ਬੂਟੇ ਇੱਕ ਸਾਲ ਮਗਰੋਂ ਬਾਗ ਵਿੱਚ ਲਗਾਏ ਜਾ ਸਕਦੇ ਹਨ ।

## ਬੂਟੇ ਲਾਉਣਾ

ਅਲੂਚੇ ਦੇ ਇਕੱਲੇ ਬਾਗ ਆਪਸੀ 6x6 ਮੀਟਰ ਦੇ ਫ਼ਾਸਲੇ ਤੇ ਜਾਂ ਦੂਜੇ ਫ਼ਲਾਂ 'ਚ ਜਿਵੇਂ ਕਿ ਅੰਬ, ਲੀਚੀ ਅਤੇ ਨਾਖ ਦੇ ਬਾਗਾਂ ਵਿੱਚ 6-8 ਸਾਲਾਂ ਲਈ ਸਾਥੀ ਬੂਟਿਆਂ ਦੇ ਤੌਰ ਤੇ ਲਾਏ ਜਾ ਸਕਦੇ ਹਨ । ਬੂਟੇ ਲਾਉਣ ਦਾ ਢੁੱਕਵਾਂ ਸਮਾਂ ਜਨਵਰੀ ਮਹੀਨੇ ਦਾ ਪਹਿਲਾ ਪੰਦਰਵਾੜਾ ਹੈ । ਸਤਲੁਜ-ਪਰਪਲ ਦੇ ਬਾਗ ਵਿੱਚ ਫੁੱਲਾ ਦੇ ਪਰਾਗਣ ਲਈ ਕਾਲਾ ਅੰਮ੍ਰਿਤਸਰੀ ਕਿਸਮ ਦੇ ਬੂਟੇ 85 : 25 ਦੇ ਅਨੁਪਾਤ ਵਿੱਚ ਲਗਾਏ ਜਾਂਦੇ ਹਨ । ਸਤਲੁਜ-ਪਰਪਲ ਦੀ ਹਰ ਦੂਜੀ ਕਤਾਰ ਵਿੱਚ ਹਰ ਦੂਜਾ ਬੂਟਾ ਕਾਲਾ ਅੰਮ੍ਰਿਤਸਰੀ ਦਾ ਲਗਾਓ ।

## ਅਧਿਕ ਘਣਤਾ ਨਾਲ ਬੂਟੇ ਲਾਉਣਾ

ਸਤਲੁਜ ਪਰਪਲ ਅਲੂਚੇ ਦੇ ਬੂਟੇ 6×1.5 ਮੀਟਰ ਦੇ ਫ਼ਾਸਲੇ ਤੇ ਵੀ ਲਗਾਏ ਜਾ ਸਕਦੇ ਹਨ । ਇਸ ਨਾਲ ਫ਼ਲਾਂ ਦਾ ਝਾੜ ਅਤੇ ਗੁਣਵਤਾ ਵਧ ਜਾਂਦੀ ਹੈ । ਇਨ੍ਹਾਂ ਬੂਟਿਆਂ ਦੀ ਸੁਧਾਈ ਸੁਧਰੀ ਟੀਸੀ ਮੁਤਾਬਿਕ ਕੀਤੀ ਜਾਂਦੀ ਹੈ ਅਤੇ ਗਰਮੀਆਂ ਵਿਚ ਨਵੀਂਆਂ ਟਾਹਣੀਆਂ ਨੂੰ 10-15 ਸੈਂਟੀਮੀਟਰ ਉਪਰੋਂ ਕੱਟਣ ਦੀ ਜ਼ਰੂਰਤ ਹੈ।

## ਸੁਧਾਈ ਤੇ ਕਾਂਟ-ਛਾਂਟ

**ਸੁਧਾਈ :** ਪੰਜਾਬ ਵਿੱਚ ਅਲੂਚੇ ਦੇ ਬੂਟਿਆਂ ਦੀ ਸਿਧਾਈ ਸੁਧਰੀ-ਟੀਸੀ (ਮੌਡੀਫਾਈਡ ਲੀਡਰ) ਪ੍ਰਣਾਲੀ ਮੁਤਾਬਕ ਕੀਤੀ ਜਾਦੀ ਹੈ । ਸਿਧਾਈ ਦਾ ਕੰਮ ਤਿੰਨ ਵਰ੍ਹਿਆਂ ਵਿੱਚ ਪੂਰਾ ਕਰ ਲੈਣਾ ਚਾਹੀਦਾ ਹੈ ਜਿਹੜਾ ਕਿ ਇਸ ਤਰ੍ਹਾਂ ਹੈ :

1. ਇੱਕ ਸਾਲ ਦੀ ਉਮਰ ਦੇ ਲਗਭਗ ਇੱਕ ਮੀਟਰ ਲੰਮੇ ਅਲੂਚੇ ਦੇ ਬੂਟੇ ਜਨਵਰੀ ਜਾਂ ਫਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਬਾਗ ਵਿੱਚ ਲਗਾਉ । ਬੂਟੇ ਦੀ 8-10 ਸੈਂਟੀਮੀਟਰ ਕੱਚੀ ਟੀਸੀ ਨੂੰ ਕੱਟ ਦਿਉ । ਜੇਕਰ ਤਣੇ ਤੇ ਹੋਰ ਸ਼ਾਖਾਂ ਉੱਗੀਆਂ ਹੋਣ ਤਾਂ ਉਨ੍ਹਾਂ ਦੇ ਛੋਟੇ ਖੁੰਘੇ ਰੱਖ ਕੇ ਉਪਰੋਂ ਕੱਟ ਦਿਉ ।
2. ਮੌਸਮ ਬਹਾਰ, ਗਰਮੀ ਅਤੇ ਵਰਖਾ ਰੁੱਤ ਵਿੱਚ ਬੂਟਿਆਂ ਤੇ ਕਾਫ਼ੀ ਨਵੀਆਂ ਸ਼ਾਖਾਂ ਉੱਗ ਜਾਦੀਆਂ ਹਨ । ਦੂਜੇ ਸਾਲ, ਸਰਦੀ ਰੁੱਤ ਵਿੱਚ ਜਦੋਂ ਬੂਟੇ ਪੱਤੇ ਝਾੜ ਕੇ ਨੀਂਦਰ ਅਵਸਥਾ ਵਿੱਚ ਹੁੰਦੇ ਹਨ, ਉਦੋਂ ਤਣੇ ਉੱਤੇ ਚਾਰ-ਚੁਫੇਰੇ ਵਲ 15- 20 ਸੈਂਟੀਮੀਟਰ ਵਿੱਥ ਤੇ ਤਣੇ ਉੱਤੇ ਉੱਗੀਆਂ 4-5 ਟਹਿਣੀਆਂ ਨੂੰ ਚੁਣ ਕੇ ਬਾਕੀ ਸਾਰੀਆਂ ਟਹਿਣੀਆਂ ਨੂੰ ਮੁੱਢੋਂ ਕੱਟ ਦਿਉ । ਤਣੇ ਦੀ ਸਭ ਤੋਂ ਨੀਵੀਂ ਟਹਿਣੀ 45 ਸੈਂਟੀਮੀਟਰ ਉੱਚੀ ਹੋਣੀ ਚਾਹੀਦੀ ਹੈ ।
3. ਤੀਜੇ ਸਾਲ ਬੂਟਾ ਵੱਧਦਾ ਹੈ, ਉਸ ਤੇ ਚੁਣੇ ਹੋਏ ਮੁੱਖ ਟਹਿਣੀਆਂ ਅਤੇ ਇਸ ਦੀ ਵਧੀ ਹੋਈ ਲੀਡਰ ਟਹਿਣੀ ਉੱਤੇ ਹੋਰ ਨਵੀਆਂ ਟਹਿਣੀਆਂ ਉੱਗਦੀਆਂ ਹਨ। ਇਸ ਸਾਲ ਦੇ ਅਖੀਰ ਵਿੱਚ ਇਨ੍ਹਾਂ ਟਹਿਣੀਆਂ ਵਿੱਚੋਂ ਖੁੱਲ੍ਹੇ ਕੋਣ ਅਤੇ ਸਹੀ ਵਿੱਥ ਵਾਲੀਆਂ ਟਹਿਣੀਆਂ ਨੂੰ ਚੁਣ ਲਉ ਅਤੇ ਬਾਕੀਆਂ ਨੂੰ ਮੁੱਢੋਂ ਕੱਟ ਦਿਉ। ਇਸ ਸਮੇਂ ਬੂਟੇ ਦੇ ਢਾਂਚੇ ਦਾ ਸਹੀ ਵਿਕਾਸ ਹੋ ਜਾਂਦਾ ਹੈ । ਲੀਡਰ ਟਹਿਣੀ ਨੂੰਕਿਸੇ ਵਧੀ ਹੋਈ ਟਹਿਣੀ ਦੇ ਨੇੜੇ ਰੱਖ ਕੇ ਕੱਟ ਦਿਉ । ਇਸ ਤਰ੍ਹਾਂ ਸੁਧਰੀ ਟੀਸੀ ਨਾਲ ਸੁਧਾਇਆ ਹੋਇਆ ਬੂਟਾ ਫ਼ਲ ਦੇਣ ਲਈ ਤਿਆਰ ਹੈ ।

**ਕਾਂਟ-ਛਾਂਟ :** ਅਲੂਚੇ ਨੂੰ ਫ਼ਲ ਇੱਕ ਸਾਲ ਦੀ ਉਮਰ ਦੀਆਂ ਟਹਿਣੀਆਂ ਅਤੇ ਛੋਟੀਆਂ ਖੁੰਘੀਆਂ ਤੇ ਲੱਗਦਾ ਹੈ । ਇਸ ਲਈ ਬੂਟਿਆਂ ਦੀ ਹਰ ਵਰ੍ਹੇ ਹਲਕੀ ਕਾਂਟ- ਛਾਂਟ ਜਨਵਰੀ ਦੇ ਪਹਿਲੇ ਪੰਦਰਵਾੜੇ ਤੱਕ ਕਰ ਦੇਣੀ ਚਾਹੀਦੀ ਹੈ । ਬੂਟੇ ਦੀ ਛਤਰੀ ਅੰਦਰੋਂ ਪਤਲੀਆਂ, ਆਪਸ ਵਿੱਚ ਫਸਦੀਆਂ ਅਤੇ ਸੰਘਣੀਆਂ ਟਹਿਣੀਆਂ ਨੂੰ ਵਿਰਲਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸੁੱਕੀਆਂ, ਰੋਗੀ ਜਾਂ ਟੁੱਟੀਆਂ ਟਹਿਣੀਆਂ ਨੂੰ ਵੀ ਕੱਟ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਕਰਨ ਨਾਲ ਬੂਟੇ ਦੀ ਛਤਰੀ ਅੰਦਰ ਵਧੇਰੇ ਰੌਸ਼ਨੀ ਅਤੇ ਹਵਾ ਪਹੁੰਚਦੀ ਹੈ ਜਿਸ ਨਾਲ ਵਧੀਆ ਗੁਣਾਂ ਵਾਲੇ ਨਰੋਏ ਫ਼ਲ ਪੈਦਾ ਹੁੰਦੇ ਹਨ । ਇਸ ਤੋਂ ਇਲਾਵਾ ਜੜਾਂ ਅਤੇ ਤਣੇ ਦੇ ਮੁੱਢੋਂ ਉੱਗਣ

ਵਾਲੀਆਂ ਟਹਿਣੀਆਂ ਨੂੰ ਕੱਟਦੇ ਰਹਿਣਾ ਚਾਹੀਦਾ ਹੈ । ਹਰ 4-5 ਸਾਲਾਂ ਮਗਰੋਂ ਬੂਟਿਆਂ ਦੀ ਭਾਰੀ ਕਾਂਟ-ਛਾਂਟ ਕੀਤੀ ਜਾਂਦੀ ਹੈ, ਜਿਸ ਵਿੱਚ ਲੰਮੀਆਂ ਟਹਿਣੀਆਂ ਨੂੰ ਛੋਟਾ ਕਰਨਾ, ਨੀਵੀਆਂ ਟਹਿਣੀਆਂ ਨੂੰ ਕੱਟਣਾ, ਤਣੇ ਦੇ ਹੇਠਲੇ ਹਿੱਸੇ ਤੇ ਉੱਗੀਆਂ ਟਹਿਣੀਆਂ ਨੂੰ ਕੱਟਣਾ ਆਦਿ ਕੰਮ ਕੀਤੇ ਜਾਂਦੇ ਹਨ । ਜਿਹੜੇ ਟੱਕ 4-5 ਸੈਂਟੀਮੀਟਰ ਤੋਂ ਮੋਟੇ ਹੋਣ, ਉਨ੍ਹਾਂ ਤੇ ਬੋਰਡੋ ਪੇਸਟ (2 ਕਿਲੋ ਨੀਲਾ ਥੋਥਾ+3 ਕਿਲੋ ਅਣਬੁਝਿਆ ਚੂਨਾ+30 ਲਿਟਰ ਪਾਣੀ) ਜਾਂ ਬੋਰਡੋ ਪੇਂਟ (1 ਕਿਲੋ ਨੀਲਾ ਥੋਥਾ+2 ਕਿਲੋ ਅਣਬੁਝਿਆ ਚੂਨਾ 3 ਲਿਟਰ ਅਲਸੀ ਦਾ ਤੇਲ) ਦਾ ਲੇਪ ਕਰ ਦੇਣਾ ਚਾਹੀਦਾ ਹੈ ।

### ਖਾਦਾਂ

ਬੂਟਿਆਂ ਦੀ ਚੰਗੀ ਸਿਹਤ ਅਤੇ ਚੰਗੇ ਗੁਣਾਂ ਵਾਲੇ, ਵਧੇਰੇ ਫ਼ਲ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਉਮਰ ਮੁਤਾਬਕ ਹਰ ਵਰ੍ਹੇ ਸਿਫਾਰਸ਼ ਕੀਤੀਆਂ ਖਾਦਾਂ ਪਾਉਣੀਆਂ ਚਾਹੀਦੀਆਂ ਹਨ ।

| ਬੂਟੇ ਦੀ ਉਮਰ (ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਖਾਦਾਂ (ਗ੍ਰਾਮ ਪ੍ਰਤੀ ਬੂਟਾ) | | |
|---|---|---|---|---|
| | | ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਟਾਸ਼ |
| 1-2 | 6-12 | 60-120 | 95-190 | 60-120 |
| 3-4 | 18-24 | 180-240 | 285-380 | 180-240 |
| 5-6 | 30-36 | 300-360 | 475-570 | 300-360 |
| 6 ਤੋਂ ਉੱਤੇ | 36 | 360 | 570 | 360 |

ਰੂੜੀ, ਸੁਪਰਫਾਸਫੇਟ ਅਤੇ ਪੋਟਾਸ਼ ਦੀ ਖਾਦ ਦਸੰਬਰ ਵਿੱਚ ਬੂਟਿਆਂ ਨੂੰ ਪਾਉ । ਯੂਰੀਆ ਦੀ ਅੱਧੀ ਖਾਦ ਫੁੱਲ ਆਉਣ ਤੋਂ ਪਹਿਲਾਂ ਫਰਵਰੀ ਵਿੱਚ ਅਤੇ ਦੂਜੀ ਅੱਧੀ ਫ਼ਲ ਲੱਗਣ ਤੋਂ ਮਗਰੋਂ ਪਾਉ ।

**ਜ਼ਿੰਕ ਤੱਤ ਦੀ ਘਾਟ :** ਹਲਕੀਆਂ ਜ਼ਮੀਨਾਂ ਵਿੱਚ ਲੱਗੇ ਅਲੂਚੇ ਦੇ ਬਾਗਾਂ ਵਿੱਚ ਬੂਟਿਆਂ ਤੇ, ਗਰਮੀਆਂ ਅਤੇ ਵਰਖਾ ਰੁੱਤ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ । ਟਹਿਣੀਆਂ ਤੇ ਉਪਰਲੇ ਪੱਤੇ ਛੋਟੇ ਆਕਾਰ ਦੇ, ਤਿੱਖੇ ਅਤੇ ਨਾੜੀਆਂ ਵਿੱਚਕਾਰ ਪੀਲੇ ਨਜ਼ਰ ਆਉਂਦੇ ਹਨ । ਟਹਿਣੀ ਦੀ ਟੀਸੀ ਦੇ ਸਿਰਿਆਂ ਤੇ ਪੱਤੇ ਸੰਘਣੇ ਅਤੇ ਗੁੱਛੇਦਾਰ ਦਿਖਾਈ ਦਿੰਦੇ ਹਨ । ਜੇਕਰ ਜ਼ਿੰਕ ਦੀ ਘਾਟ ਬਹੁਤ ਚਿਰ ਰਹੇ ਤਾਂ ਟਹਿਣੀਆਂ ਦੀਆਂ ਟੀਸੀਆਂ ਉੱਤੋਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫ਼ਲ ਸਖ਼ਤ ਤੇ ਛੋਟੇ ਆਕਾਰ ਦੇ ਹੁੰਦੇ ਹਨ । ਬੂਟਿਆਂ ਤੇ ਇਸ ਤੱਤ ਦੀ ਘਾਟ ਨੂੰ ਪੂਰਾ ਕਰਨ ਲਈ 3 ਕਿਲੋ ਜ਼ਿੰਕ ਸਲਫੇਟ, ਡੇਢ ਕਿਲੋ ਅਣਬੁਝਿਆ ਚੂਨਾ, 500 ਲਿਟਰ ਪਾਣੀ ਵਿੱਚ ਘੋਲ ਕੇ ਇੱਕ ਏਕੜ ਦੇ ਬੂਟਿਆਂ ਤੇ ਜਦੋਂ ਜ਼ਿੰਕ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ, ਛਿੜਕਾਅ ਕਰ ਦਿਉ ।

### ਸਿੰਚਾਈ

ਅਲੂਚੇ ਦੇ 3-4 ਵਰ੍ਹਿਆਂ ਦੇ ਬੂਟਿਆਂ ਨੂੰ ਗਰਮੀਆਂ (ਅਪ੍ਰੈਲ-ਜੂਨ) ਵਿੱਚ ਹਰ 4-5 ਦਿਨਾਂ ਮਗਰੋਂ ਅਤੇ ਫ਼ਲ ਲਗਦੇ ਵੱਡੀ ਉਮਰ ਦੇ ਬੂਟਿਆਂ ਨੂੰ 6-7 ਦਿਨਾਂ ਮਗਰੋਂ ਸਿੰਚਾਈ ਕਰੋ । ਸਿੰਚਾਈ ਹਲਕੀ ਅਤੇ ਬਰਾਬਰ ਕਰਨੀ ਚਾਹੀਦੀ ਹੈ । ਜੇਕਰ ਬਰਸਾਤ ਇੱਕਸਾਰ ਨਾ ਹੋਵੇ ਜਾਂ ਹਲਕੀ ਹੋਵੇ ਤਾਂ ਸਤੰਬਰ-ਅਕਤੂਬਰ ਵਿੱਚ ਬੂਟਿਆਂ ਦੀ ਉਮਰ ਮੁਤਾਬਕ ਹਰ ਹਫ਼ਤੇ ਸਿੰਚਾਈ ਕਰੋ । ਨਵੰਬਰ ਵਿੱਚ ਜੇਕਰ ਜ਼ਮੀਨ ਖੁਸ਼ਕ ਹੋਵੇ ਤਾਂ 2-3 ਸਿੰਚਾਈਆਂ ਕਰਨੀਆਂ ਚਾਹੀਦੀਆਂ ਹਨ । ਦਸੰਬਰ-ਜਨਵਰੀ ਵਿੱਚ ਬੂਟੇ ਪੱਤੇ ਝਾੜ ਕੇ ਨੀਂਦਰ ਅਵਸਥਾ ਵਿੱਚ ਹੁੰਦੇ ਹਨ । ਉਨ੍ਹਾਂ ਨੂੰ ਸਿੰਚਾਈ ਦੀ ਲੋੜ ਨਹੀਂ । ਦਸੰਬਰ-ਜਨਵਰੀ ਦੇ ਮਹੀਨਿਆਂ ਵਿੱਚ ਕਾਟ-ਛਾਂਟ ਕਰਨ ਮਗਰੋਂ ਖਾਦਾਂ ਪਾ ਕੇ ਇੱਕ ਭਰਵੀਂ ਸਿੰਚਾਈ ਕਰੋ । ਫਰਵਰੀ ਵਿੱਚ ਫੁੱਲਾਂ ਸਮੇਂ ਸਿੰਚਾਈ ਨਾ ਕਰੋ, ਇੰਝ ਫੁੱਲ ਝੜਦੇ ਹਨ । ਫ਼ਲ ਲੱਗਣ ਉਪਰੰਤ ਪੱਕਣ ਤੱਕ ਸਿੰਚਾਈ 4-5 ਦਿਨਾਂ ਪਿੱਛੋਂ ਕਰੋ ।

### ਨਦੀਨਾਂ ਦੀ ਰੋਕਥਾਮ

ਮਾਰਚ-ਅਪ੍ਰੈਲ ਦੇ ਮਹੀਨਿਆਂ ਵਿੱਚ ਅਤੇ ਖਾਸ ਤੌਰ ਤੇ ਵਰਖਾ ਰੁੱਤ ਵਿੱਚ ਗੋਡੀ ਰਾਹੀਂ ਜਾਂ ਹਲਕੀ ਵਾਹੀ ਕਰਕੇ ਕਾਬੂ ਕੀਤਾ ਜਾ ਸਕਦਾ ਹੈ । ਬਾਗ ਵਿੱਚ ਟਰੈਕਟਰ ਨਾਲ ਵਾਹੀ, ਉਪਰ-ਉਪਰ ਅਤੇ ਬੂਟੇ ਦੀ ਛਤਰੀ ਤੋਂ ਪਰੇ ਧਿਆਨ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਬੂਟਿਆਂ ਦੀਆਂ ਖੁਰਾਕੀ ਜੜ੍ਹਾਂ ਅਤੇ ਛਤਰੀ ਨੂੰ ਨੁਕਸਾਨ ਨਾ ਪਹੁੰਚੇ ।

**ਫ਼ਲਾਂ ਦੇ ਕੇਰੇ ਦੀ ਰੋਕਥਾਮ :** ਦੋ ਛਿੜਕਾਅ ਐਨ.ਏ.ਏ. 10 ਪੀ.ਪੀ.ਐਮ. ਅਪ੍ਰੈਲ ਦੇ ਦੂਜੇ ਅਤੇ ਚੌਥੇ ਹਫ਼ਤੇ ਜਾਂ ਇੱਕ ਛਿੜਕਾਅ ਈਥਰਲ 100 ਪੀ ਪੀ ਐਮ ਮਾਰਚ ਦੇ ਚੌਥੇ ਹਫ਼ਤੇ (ਗਿਟਕ ਸਖਤ ਹੋਣ ਤੋਂ ਬਾਅਦ) ਕਰਨ ਨਾਲ ਅਲੂਚੇ ਦੀ ਸਤਲੁਜ ਪਰਪਲ ਕਿਸਮ ਦੇ ਫ਼ਲ ਦਾ ਪੱਕਣ ਤੋਂ ਪਹਿਲਾਂ ਕੇਰਾ ਘਟਦਾ ਹੈ ।

**ਸਾਵਧਾਨੀਆਂ :** 1. ਬਾਗ ਵਿੱਚ ਛਿੜਕਾਅ ਕਰਨ ਤੋਂ ਪਹਿਲਾਂ ਪਾਣੀ ਦੀ ਘਾਟ ਨਾ ਹੋਵੇ ।

2. ਈਥਰਲ 100 ਪੀ ਪੀ ਐਮ ਦਾ ਛਿੜਕਾਓ ਗਿਟਕ ਸਖਤ ਹੋਣ ਤੋਂ ਤੁਰੰਤ ਬਾਅਦ ਹੀ ਕਰੋ ਨਹੀਂ ਤਾਂ ਫ਼ਲ ਦਾ ਕੇਰਾ ਵਧ ਸਕਦਾ ਹੈ ।

3. ਕਿਉਂਕਿ ਅਪ੍ਰੈਲ ਮਹੀਨੇ ਵਿੱਚ ਫ਼ਲ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ ਇਸ ਸਮੇਂ ਦੌਰਾਨ ਜ਼ਮੀਨ ਵਿੱਚ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ।

### ਫ਼ਲਾਂ ਦੇ ਪੱਕਣ ਦਾ ਸਮਾਂ ਅਤੇ ਤੁੜਾਈ

ਅਲੂਚੇ ਦੇ ਫ਼ਲ ਲੱਗਣ ਤੋਂ 12 ਹਫ਼ਤੇ ਮਗਰੋਂ ਪੱਕਣਾ ਸ਼ੁਰੂ ਕਰ ਦਿੰਦੇ ਹਨ । ਪੰਜਾਬ ਵਿੱਚ ਮਈ ਮਹੀਨੇ ਦੇ ਪਹਿਲੇ ਅਤੇ ਦੂਜੇ ਹਫ਼ਤੇ ਇਨ੍ਹਾਂ ਫ਼ਲਾ ਦੀ ਭਰ ਤੁੜਾਈ ਹੁੰਦੀ ਹੈ । ਕਿਸਮ ਮੁਤਾਬਕ ਜਦੋਂ ਫ਼ਲਾਂ ਦਾ ਆਕਾਰ ਅਤੇ ਰੰਗ ਤਿਆਰ ਹੋ ਜਾਵੇ ਤਾਂ ਇਨ੍ਹਾਂ ਦੀ ਤੁੜਾਈ ਕਰਨੀ ਚਾਹੀਦੀ ਹੈ । ਸਥਾਨਕ ਮੰਡੀ ਲਈ ਪੂਰੇ ਪੱਕੇ ਹੋਏ ਫ਼ਲ ਹੀ ਤੋੜਨੇ ਚਾਹੀਦੇ ਹਨ । ਦੂਰ ਦੀਆਂ ਮੰਡੀਆਂ ਲਈ ਅਲੂਚੇ ਦੇ ਫ਼ਲ ਉਸ ਸਮੇਂ ਤੋੜੋ ਜਦੋਂ ਉਨ੍ਹਾਂ ਤੇ 50 ਫੀਸਦੀ ਰੰਗ ਹੋਵੇ ਅਤੇ ਫ਼ਲ ਸਖ਼ਤ ਹੋਣ । ਫ਼ਲ ਹਮੇਸ਼ਾ ਡੰਡੀ ਸਮੇਤ ਤੋੜੋ ਤਾਂ ਕਿ ਫ਼ਲ ਜ਼ਖ਼ਮੀ ਨਾ ਹੋਣ । ਬੂਟੇ ਨਾਲੋਂ ਫ਼ਲ ਤੋੜ ਕੇ ਟੋਕਰੀਆਂ ਵਿੱਚ ਇਕੱਠਾ ਕਰੋ ਜਿਨ੍ਹਾਂ ਵਿੱਚ ਪਹਿਲਾ ਸੁੱਕਾ ਨਰਮ ਘਾਹ ਆਦਿ ਵਿਛਾਇਆ ਗਿਆ ਹੋਵੇ । ਇਸ ਤਰ੍ਹਾਂ ਫ਼ਲ ਟੋਕਰੀ ਦੀਆਂ ਰਗੜਾਂ ਤੋਂ ਬਚੇ ਰਹਿਣਗੇ । ਤੁੜਾਈ ਤੋਂ ਤੁਰੰਤ ਮਗਰੋਂ ਫ਼ਲਾਂ ਨੂੰ ਛਾਂ ਹੇਠ ਘਾਹ ਉੱਤੇ ਵਿਛਾਏ ਤਰਪਾਲ ਜਾਂ ਪੱਲੀਆਂ ਤੇ ਹੌਲੀ-ਹੌਲੀ ਢੇਰੀ ਕਰੋ । ਫ਼ਲਾਂ ਦੀ ਤੁੜਾਈ ਹਮੇਸ਼ਾ ਸਵੇਰੇ ਠੰਢੇ ਸਮੇਂ ਕਰਨੀ ਚਾਹੀਦੀ ਹੈ ਤਾਂ ਜੋ ਛੇਤੀ ਹੀ ਛਾਂਟੀ ਕੀਤੇ ਨਰੋਏ ਫ਼ਲਾਂ ਨੂੰ ਰੰਗ ਅਤੇ ਆਕਾਰ ਮੁਤਾਬਕ ਦਰਜਾਬੰਦੀ ਅਤੇ ਡੱਬਾਬੰਦੀ ਕਰਕੇ ਛੇਤੀ ਹੀ ਵਿੱਕਰੀ ਲਈ ਭੇਜਿਆ ਜਾਵੇ । ਦੂਰ ਦੀਆਂ ਮੰਡੀਆਂ ਲਈ ਫ਼ਲਾਂ ਦੀ ਤੁੜਾਈ ਸ਼ਾਮ ਸਮੇਂ ਕਰੋ । ਤੁੜਾਈ ਉਪਰੰਤ ਰਾਤ ਨੂੰ ਫ਼ਲਾਂ ਨੂੰ ਠੰਢਿਆਂ ਕਰਕੇ ਛਾਂਟੀ, ਦਰਜਾਬੰਦੀ ਅਤੇ ਡੱਬਾਬੰਦੀ ਕਰਨ ਮਗਰੋਂ ਸਵੇਰੇ ਤੜਕੇ ਹੀ ਮੰਡੀ ਲਈ ਭੇਜ ਦਿਉ ।

### ਫ਼ਲਾਂ ਦੀ ਸੰਭਾਲ ਅਤੇ ਮੰਡੀਕਰਣ

ਛਾਂਟੀ ਕਰਨ ਸਮੇਂ ਨਰਮ, ਦਾਗੀ, ਕੱਚੇ ਜਾਂ ਬਹੁਤ ਪੱਕੇ ਹੋਏ ਫ਼ਲਾਂ ਨੂੰ ਢੇਰੀ ਵਿੱਚੋਂ ਇੱਕ ਪਾਸੇ ਕਰ ਦਿਉ । ਆਕਾਰ ਅਤੇ ਰੰਗ ਮੁਤਾਬਿਕ ਫ਼ਲਾਂ ਦੀ ਦਰਜਾਬੰਦੀ ਕਰੋ । ਹਰ ਦਰਜੇ ਦੇ ਫ਼ਲਾਂ ਦੀ ਡੱਬਾਬੰਦੀ ਵੀ ਵੱਖ-ਵੱਖ ਕਰੋ । ਐਗ-ਮਾਰਕ ਸੱਤਰ ਮੁਤਾਬਕ ਹੇਠ ਲਿਖੀ ਦਰਜਾਬੰਦੀ ਅਤੇ ਡੱਬਾਬੰਦੀ ਦੀ ਸਿਫ਼ਾਰਸ਼ ਕੀਤੀ ਗਈ ਹੈ ।

| ਫਲਾਂ ਦਾ ਗਰੇਡ (ਦਰਜਾ) | ਫਲ ਦਾ ਆਕਾਰ (ਸੈਂਟੀਮੀਟਰ) | ਡੱਬੇ ਦਾ ਅੰਦਰਲਾ ਆਕਾਰ (ਸੈਂਟੀਮੀਟਰ) | ਫਲਾਂ ਦੀਆਂ ਤਹਿਆਂ | ਪ੍ਰਤੀ ਤਹਿ ਫਲਾਂ ਦੀ ਗਿਣਤੀ |
|---|---|---|---|---|
| ਸਪਸ਼ੈਲ | 4.2 ਤੋਂ ਵੱਧ | 36 x16 x16 | 3 | 28-32 |
| ਗਰੇਡ-1 | 3.6 ਤੋਂ 4.2 | 36 x16 x16 | 4 | 38-42 |
| ਗਰੇਡ-2 | 3.6 ਤੋਂ ਘੱਟ | 36 x16 x16 | 4 | 50-56 |

ਸਾਧਾਰਨ ਤੌਰ ਤੇ ਦੂਰ ਦੀਆਂ ਮੰਡੀਆਂ ਲਈ ਅਲੂਚੇ ਦੇ ਫ਼ਲਾਂ ਦੀ ਡੱਬਾਬੰਦੀ 5 ਕਿਲੋ ਲੱਕੜ ਦੀਆਂ ਪੇਟੀਆਂ ਵਿੱਚ ਕਰਨੀ ਚਾਹੀਦੀ ਹੈ । ਫ਼ਲਾਂ ਨੂੰ ਰਗੜਾਂ ਜਾਂ ਜ਼ਖ਼ਮ ਤੋਂ ਬਚਾਉਣ ਲਈ ਪੇਟੀ ਹੇਠ ਕੁਝ ਨਰਮ 8-10 ਸੈਂਟੀਮੀਟਰ ਮੋਟੀ ਤਹਿ (ਕਾਗਜ਼ ਕਤਰਾਂ) ਵਿਛਾ ਕੇ ਉੱਤੇ ਅਖ਼ਬਾਰ ਦਾ ਕਾਗਜ਼ ਲਗਾ ਦਿਉ । ਪੇਟੀ ਦੇ ਅੰਦਰ ਵਾਲੇ ਪਾਸਿਆਂ ਤੇ ਵੀ ਅਖ਼ਬਾਰ ਲਗਾ ਦਿਉ । ਇਸ ਤੋਂ ਮਗਰੋਂ ਪੇਟੀ ਵਿੱਚ ਫ਼ਲਾਂ ਦੀ ਇਕਹਿਰੀ ਤਹਿ ਵਿਛਾਉ । ਇਸ ਤਹਿ ਉੱਤੇ ਫਿਰ ਕਾਗਜ਼ ਦੀਆਂ ਕਤਰਾਂ ਅਤੇ ਉੱਤੇ ਅਖ਼ਬਾਰ ਵਿਛਾ ਦਿਉ । ਇਸ ਤਰ੍ਹਾਂ ਫ਼ਲਾਂ ਦੀ ਦੂਜੀ, ਤੀਜੀ ਅਤੇ ਆਖਰੀ ਤਹਿ ਵਿਛਾਉ । ਪੇਟੀ ਵਿੱਚ ਫ਼ਲਾਂ ਦੀ ਆਖਰੀ ਤਹਿ ਉੱਤੇ ਕਾਗਜ਼ ਦੀਆਂ ਕਤਰਾਂ ਅਤੇ ਅਖ਼ਬਾਰ ਦਾ ਕਾਗਜ਼ ਲਗਾਉਣ ਮਗਰੋਂ ਪੇਟੀ ਦਾ ਢੱਕਣ ਕਿੱਲਾਂ ਨਾਲ ਫਿੱਟ ਕਰੋ । ਗਰਮੀ ਕਾਰਨ ਆਮ ਹਾਲਤਾਂ ਵਿੱਚ ਅਲੂਚੇ ਦੇ ਫ਼ਲ ਬਹੁਤ ਢਿੱਲੇ ਹੋ ਕੇ ਖ਼ਰਾਬ ਹੋਣੇ ਸ਼ੁਰੂ ਹੋ ਜਾਂਦੇ ਹਨ । ਫ਼ਲਾਂ ਦੀ ਤੁੜਾਈ ਮਗਰੋਂ ਜੇਕਰ ਇਨ੍ਹਾਂ ਨੂੰ ਕੋਲਡ ਸਟੋਰ ਵਿੱਚ ਸੰਭਾਲਿਆ ਜਾਵੇ ਤਾਂ ਮੰਡੀਕਰਣ ਚੰਗਾ ਹੋਵੇਗਾ । ਇਹ ਦੇਖਿਆ ਹੈ ਕਿ ਕੋਲਡ ਸਟੋਰ ਵਿੱਚ ਅਲੂਚੇ ਦੇ ਫ਼ਲ 25 ਦਿਨ ਤੱਕ ਰੱਖੇ ਜਾ ਸਕਦੇ ਹਨ । ਟਰੱਕ ਤੇ ਗੱਡੀਆਂ ਫ਼ਲਾਂ ਦੀ ਢੋਆ-ਢੁਆਈ ਦੇ ਮੁੱਖ ਸਾਧਨ ਹਨ । ਚੰਗਾ ਇਹ ਹੋਵੇਗਾ ਕਿ ਜੇਕਰ ਅਲੂਚੇ ਦੇ ਮੰਡੀਕਰਣ ਲਈ ਠੰਢੀਆਂ ਵੈਨਾਂ ਉਪਲਬਧ ਕਰਾਈਆਂ ਜਾਣ । ਸਤਲੁਜ ਪਰਪਲ ਦੇ ਫ਼ਲ ਨੂੰ ਰੰਗ ਬਦਲਣ ਦੀ ਅਵਸਥਾ ਤੇ ਤੋੜ ਕੇ 2.0% ਕੈਲਸ਼ੀਅਮ ਨਾਈਟ੍ਰੇਟ ਦੇ ਘੋਲ ਵਿੱਚ ਪੰਜ ਮਿੰਟ ਡੋਬਣ ਤੋਂ ਬਾਅਦ 0-1 ਡਿਗਰੀ ਸੈਂਟੀਗ੍ਰੇਡ ਤਾਪਮਾਨ ਅਤੇ 90-95% ਨਮੀ ਵਾਲੇ ਕੋਲਡ ਸਟੋਰ ਵਿੱਚ ਚਾਰ ਹਫ਼ਤੇ ਲਈ ਸਟੋਰ ਕਰ ਸਕਦੇ ਹਾਂ । ਇਨ੍ਹਾਂ ਫ਼ਲਾਂ ਨੂੰ ਕੋਲਡ ਸਟੋਰ ਵਿਚੋਂ ਕੱਢਣ ਤੋਂ ਬਾਅਦ ਦੋ ਦਿਨ ਲਈ ਸਾਧਾਰਨ ਤਾਪਮਾਨ ਤੇ ਰੱਖਿਆ ਜਾ ਸਕਦਾ ਹੈ । ਸਤਲੁਜ ਪਰਪਲ ਅਤੇ ਕਾਲਾ ਅੰਮ੍ਰਿਤਸਰੀ ਅਲੂਚੇ ਦੀਆਂ ਕਿਸਮਾਂ ਤੋਂ ਛੋਟੇ ਅਤੇ ਵੱਡੇ ਪੱਧਰ ਤੇ ਅਲਕੋਹਲ ਰਹਿਤ ਕਾਰਬੋਨੇਟਿਡ ਪੀਣ ਵਾਲੀਆਂ ਵਸਤਾਂ (ਬੈਵਰੇਜ) ਬਣਾਈਆਂ ਜਾ ਸਕਦੀਆਂ ਹਨ । ਇਸ ਨੂੰ ਅਸਲੀ ਖੁਰਾਕੀ ਤੱਤਾਂ ਸਮੇਤ ਤਿੰਨ ਮਹੀਨੇ ਲਈ ਰੱਖਿਆ ਜਾ ਸਕਦਾ ਹੈ ।

## ਪੌਦ ਸੁਰੱਖਿਆ (ਨਾਸ਼ਪਤੀ, ਆੜੂ ਅਤੇ ਅਲੂਚਾ)

### ਪੌਦ ਸੁਰੱਖਿਆ

### ੳ) ਕੀੜੇ :

| ਕੀੜੇ ਅਤੇ ਉਨ੍ਹਾਂ ਦੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| | |


| | |
|---|---|
| **1. ਕੁਤਰਾ (ਅਲੂਚੇ ਦਾ ਟੋਪੀ ਵਾਲਾ ਕੀੜਾ) :** ਕੁਤਰਾ ਇੱਕ ਆਮ ਪਾਇਆ ਜਾਣ ਵਾਲਾ ਕੀੜਾ ਹੈ । ਮਾਦਾ ਪੱਤੇ ਦੇ ਉੱਪਰਲੇ ਹਿੱਸੇ ਤੇ ਗੁੱਛਿਆਂ ਵਿੱਚ ਅੰਡੇ ਦਿੰਦੀ ਹੈ ਜਿਨ੍ਹਾਂ ਨੂੰ ਉਹ ਪੀਲੇ ਵਾਲਾਂ ਨਾਲ ਢੱਕ ਦਿੰਦੀ ਹੈ । ਜੰਮਣ ਉਪਰੰਤ ਛੋਟੇ ਕੁਤਰੇ ਪੱਤੇ ਨੂੰ ਪੂਰੀ ਤਰ੍ਹਾਂ ਖਾ ਜਾਂਦੇ ਹਨ । ਉਸ ਤੋਂ ਬਾਅਦ ਕੁਤਰਾ ਅਲੱਗ ਹੋ ਕੇ ਪੱਤੇ ਉੱਪਰ ਵੱਧਦਾ- ਫੁੱਲਦਾ ਹੈ । ਹਮਲਾ ਗੰਭੀਰ ਹੋਣ ਤੇ ਸਾਰਾ ਦਰੱਖਤ ਪੱਤਿਆਂ ਤੋਂ ਰਹਿਤ ਹੋ ਜਾਂਦਾ ਹੈ । ਛੋਟੇ ਕੁਤਰਿਆਂ ਦੇ ਵਾਲਾਂ ਦਾ ਰਗੰ ਚਿਟੱਾ ਹਦੁੰਾ ਹੈ ਅਤੇ ਵੱਡੇ ਕਤੁਰਿਆਂ ਦੇ ਸਿਰ ਦਾ ਰੰਗ ਲਾਲ ਹੁੰਦਾ ਹੈ । ਸਰੀਰ ਦਾ ਰੰਗ ਗੂੜ੍ਹਾ ਭੂਰਾ ਅਤੇ ਸਿਰ ਦੇ ਵਾਲਾਂ ਦਾ ਰੰਗ ਸਫੈਦ ਅਤੇ ਪਿਛਲੇ ਪਾਸੇ ਗੁੱਛੇਦਾਰ ਲੰਬੇ ਵਾਲ ਹੁੰਦੇ ਹਨ । ਵੱਡੇ ਕੁਤਰਿਆਂ ਦੇ ਮੂਹਰਲੇ ਖੰਭਾਂ ਉੱਪਰ ਪੀਲੇ ਰੰਗ ਦੀਆਂ ਟੇਢੀਆਂ ਧਾਰੀਆਂ ਹੁੰਦੀਆਂ ਹਨ ।  | ੳ) ਕੀੜਿਆਂ ਅਤੇ ਆਂਡਿਆਂ ਨੂੰ ਇੱਕ ਥਾਂ ਇਕੱਠੇ ਕਰਕੇ ਨਸ਼ਟ ਕਰ ਦਿਉ । |
| **2. ਮਾਈਟ (ਪੱਤਿਆਂ ਦੀ ਜੂੰ) :** ਅਪ੍ਰੈਲ-ਮਈ ਵਿੱਚ ਮਾਈਟ ਦਾ ਜ਼ੋਰ ਹੁੰਦਾ ਹੈ । ਇਸ ਦੇ ਹੱਲੇ ਨਾਲ ਪੱਤਿਆਂ ਉੱਤੇ ਹਲਕੇ ਪੀਲੇ ਰੰਗ ਦੇ ਛੋਟੇ- ਛੋਟੇ ਧੱਬੇ ਪੈ ਜਾਂਦੇ ਹਨ । ਜੇ ਇਸ ਦਾ ਹਮਲਾ ਗੰਭੀਰ ਹੋ ਜਾਵੇ ਤਾਂ ਪੱਤੇ ਪੀਲੇ ਪੈਣ ਮਗਰੋਂ ਸੁੱਕ ਕੇ ਝੜ ਜਾਂਦੇ ਹਨ। ਹਮਲੇ ਵਾਲੇ ਪੱਤਿਆਂ ਤੇ ਧੂੜਾ ਜਮ੍ਹਾਂ ਹੋ ਜਾਂਦਾ ਹੈ ।  | ਅਪੈ੍ਲ -ਜਨੂ ਦੌਰਾਨ ਆਮ ਨਾਲੋਂ ਘਟੱ ਵਕਫ਼ੇ ਤੇ ਸਿੰਚਾਈ ਕਰੋ । ਅਰਿੰਡ ਅਤੇ ਭੰਗ ਦੇ ਪੌਦੇ ਜਿਨ੍ਹਾਂ ਤੇ ਵੀ ਮਾਈਟ ਦਾ ਹਮਲਾ ਹੁੰਦਾ ਹੈ ਨੂੰ ਪੁੱਟ ਦਿਉ । 1000 ਮਿਲੀਲਿਟਰ ਜਾਂ 500 ਮਿਲੀਲਿਟਰ ਫੋਸਮਾਈਟ 50 ਈ ਸੀ (ਈਥੀਆਨ) ਜਾਂ 750 ਮਿਲੀਲਿਟਰ ਫੈਨਾਜ਼ਾਕੁਈਨ 10 ਈ ਸੀ ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ । |
| **3. ਨਰਮ ਪੱਤਿਆਂ ਦਾ ਚੇਪਾ :** ਕਈ ਵਾਰ ਪੱਤਿਆਂ ਦੀਆਂ ਸੁੰਡੀਆਂ ਪੱਤਿਆਂ ਅਤੇ ਨਰਮ ਟਾਹਣੀਆਂ ਦਾ ਰਸ ਚੂਸ ਕੇ ਬਹੁਤ ਨੁਕਸਾਨ ਕਰਦੇ ਹਨ । ਇਹ ਕੀੜੇ ਫਰਵਰੀ ਦੇ ਆਖਰੀ ਹਫਤੇ ਤੋਂ ਲੈ ਕੇ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਹਮਲਾ ਕਰਦੇ ਹਨ । | 1000 ਗ੍ਰਾਮ ਹੈਕਸਾਵਿਨ 50 ਘੁਲਣਸ਼ੀਲ ਜਾਂ 850 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੇਟ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ । |

| | |
|---|---|
|  | |
| **4. ਛਿੱਲ ਖਾਣ ਵਾਲੇ ਸੁੰਡ :** ਇਹ ਸੁੰਡ ਤਣੇ ਅਤੇ ਸ਼ਾਖਾਂ ਵਿੱਚ ਮੋਰੀਆਂ ਕਰਦੇ ਹਨ । ਛਿੱਲ ਹੇਠ ਉਹ ਆਪਣੇ ਮਲ-ਮੂਤਰ ਥੱਲੇ ਰਹਿੰਦੇ ਹਨ। ਇਹ ਕੀੜਾ ਉਨ੍ਹਾਂ ਬਾਗਾਂ ਵਿੱਚ ਜ਼ਿਆਦਾ ਹੁੰਦਾ ਹੈ ਜਿੱਥੇ ਦੇਖਭਾਲ ਘੱਟ ਹੁੰਦੀ ਹੋਵੇ ।<br> | ਜਾਲਾ ਉਤਾਰ ਕੇ ਇਨ੍ਹਾਂ ਮੋਰੀਆਂ ਵਿੱਚ ਮਿੱਟੀ ਦਾ ਤੇਲ ਸਤੰਬਰ-ਅਕਤੂਬਰ ਅਤੇ ਫਿਰ ਜਨਵਰੀ ਦੇ ਮਹੀਨੇ ਪਾ ਦੇਣਾ ਚਾਹੀਦਾ ਹੈ । ਆਲੇ- ਦੁਆਲੇ ਦੇ ਸਾਰੇ ਪੌਦਿਆਂ ਉੱਤੇ ਜਿਨ੍ਹਾਂ ਤੇ ਇਹ ਸੁੰਡ ਰਹਿੰਦੇ ਹਨ, ਤੇ ਵੀ ਛਿੜਕਾਅ ਕਰੋ। |
| **5. ਫਲ ਦੀ ਮੱਖੀ :** ਇਹ ਨਾਸ਼ਪਾਤੀ ਦਾ ਇੱਕ ਹਾਨੀਕਾਰਕ ਕੀੜਾ ਹੈ । ਫ਼ਲ ਦੀ ਮੱਖੀ ਫ਼ਲਾਂ ਦੇ ਰੰਗ ਬਦਲਣ ਸਮੇਂ ਨਰਮ ਛਿਲਕੇ ਤੇ ਅੰਡੇ ਦਿੰਦੀ ਹੈ । ਆਂਡਿਆਂ 'ਚੋਂ ਬੱਚੇ ਨਿੱਕਲਣ ਤੋਂ ਬਾਅਦ ਇਹ ਫ਼ਲਾਂ ਵਿੱਚ ਛੇਕ ਕਰਦੇ ਹਨ ਅਤੇ ਨਰਮ ਗੁੱਦਾ ਖਾਂਦੇ ਹਨ । ਹਮਲੇ ਵਾਲੇ ਫ਼ਲ ਖਾਣ ਯੋਗ ਨਹੀਂ ਰਹਿੰਦੇ । ਜ਼ਿਆਦਾ ਹਮਲੇ ਨਾਲ ਫ਼ਲ ਗਲ ਜਾਂਦਾ ਹੈ ਅਤੇ ਹੇਠਾਂ ਡਿੱਗ ਪੈਂਦਾ ਹੈ ।<br> | 1. ਪੱਕਦੇ ਫ਼ਲਾਂ ਨੂੰ ਸਮੇਂ ਸਿਰ ਤੋੜਦੇ ਰਹੋ ਅਤੇ ਬੂਟੇ ਉੱਪਰ ਪੱਕਣ ਨਾ ਦਿਉ ।<br>2. ਮੱਖੀ ਦੇ ਹਮਲੇ ਵਾਲੇ ਡਿੱਗੇ ਹੋਏ ਫਲਾਂ ਨੂੰ ਲਗਾਤਾਰ ਚੁਣਕੇ ਜ਼ਮੀਨ ਦੇ ਵਿੱਚ ਘੱਟੋ-ਘੱਟ 60 ਸੈਂਟੀਮੀਟਰ ਡੂੰਘ੍ਹੇ ਦਬੱ ਦੇਣਾ ਚਾਹੀਦਾ ਹੈ।<br>3. ਫਲਾਂ ਦੀ ਤੁੜਾਂਈ ਉਪਰੰਤ ਬਾਗ ਦੀ ਹਲਕੀ ਵਹਾਈ ਕਰਨੀ ਚਾਹੀਦੀ ਹੈ ਤਾਂ ਜੋ ਮੱਖੀ ਦੀਆਂ ਸੁੰਡੀਆਂ ਜਿਹੜੀਆਂ 4-6 ਸੈਂਟੀਮੀਟਰ ਤੱਕ ਦੀ ਡੂੰਘਾਈ ਤੇ ਹੁੰਦੀਆਂ ਹਨ ਨੰਗੀਆਂ ਹੋ ਕੇ ਮਰ ਜਾਣ ।<br>4. ਉਨ੍ਹਾਂ ਬਾਗਾਂ ਵਿੱਚ ਜਿੱਥੇ ਫਲ ਦੀ ਮੱਖੀ ਦਾ ਹਮਲਾ ਹਮੇਸ਼ਾ ਹਦੁੰਾ ਹੋਵੇ ਉੱਥੇ 1250 ਮਿਲੀਲਿਟਰ ਸੁਮੀਸਿਡੀਨ 20 ਈ ਸੀ 500 ਲਿਟਰ ਪਾਣੀ ਵਿੱਚ ਪਾ ਕੇ ਜੂਨ ਦੇ ਆਖਰੀ ਹਫ਼ਤੇ ਛਿੜਕਾਅ ਕਰੋ ਅਤੇ ਹਫ਼ਤੇ-ਹਫ਼ਤੇ ਤੇ ਛਿੜਕਾਅ ਕਰਦੇ ਰਹੋ । ਛਿੜਕਾਅ ਦੇ ਬਾਅਦ ਫ਼ਲਾਂ ਨੂੰ ਬੂਟੇ ਤੋਂ 2 ਦਿਨਾਂ ਬਾਅਦ ਤੋੜੋ ।<br>5. ਆੜੂ ਦੀਆਂ ਜਲਦੀ ਪੱਕਣ ਵਾਲੀਆਂ ਕਿਸਮਾਂ ਜਿਵੇਂ ਪ੍ਰਤਾਪ, ਫਲੋਰਡਾ ਪਰਿੰਸ, ਅਰਲੀ ਗਰੈਂਡ, ਫਲੋਰਡਾ ਸੱਨ ਅਤੇ ਸ਼ਾਨ-ਏ-ਪੰਜਾਬ ਨੂੰ ਹੀ ਲਗਾਉਣਾ ਚਾਹੀਦਾ ਹੈ।<br>6. ਫਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਮਈ ਦੇ ਪਹਿਲੇ ਹਫਤੇ ਪੀ ਏ ਫ਼ਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਉ। |
| **6. ਨਾਸ਼ਪਾਤੀ ਦੇ ਤੇਲੇ :** ਇਹ ਚੇਪੇ ਦੋ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕਿ ਸ਼ਿਜਾਫਿਸ ਤੇ ਟੌਕਸੌਪਟੈਰਾ ਤੇ ਇਸ ਦਾ ਹਮਲਾ ਫ਼ਰਵਰੀ ਤੋਂ ਅਪ੍ਰੈਲ ਤੱਕ ਜ਼ਿਆਦਾ ਹੋਣ ਲੱਗ ਪਿਆ ਹੈ । ਇਸ ਕਿਸਮ ਦਾ ਚੇਪਾ ਨਰਮ ਤਣਿਆਂ, ਫੁੱਲਾਂ ਡੋਡੀਆਂ, ਫੁੱਲਾਂ, ਪੱਤਿਆਂ ਅਤੇ ਫ਼ਲਾਂ ਵਿਚੋਂ ਰਸ ਚੂਸ ਕੇ ਫ਼ਲਦਾਰ ਬੂਟਿਆਂ ਦਾ ਨੁਕਸਾਨ ਕਰਦਾ ਹੈ, | ਅੱਧ ਨਰਮ ਨਾਖਾਂ ਤੇ 1000 ਮਿ.ਲੀ. ਮੈਟਾਸਿਸਟਾਕਸ 25 ਈ ਸੀ ਜਾਂ 200 ਮਿ.ਲੀ. ਇਮਿਡਾਕਲਪੋਰਿਡ 200 ਐਸ ਐਲ ਜਾਂ 160 ਗ੍ਰਾਮ ਥਾਇਆਮੈਥੋਕਸਮ 25 ਡਬਲ਼ਯੂ ਜੀ ਨੂੰ 500 ਲਿਟਰ ਪਾਣੀ 'ਚ ਘੋਲ ਕੇ ਪਹਿਲਾਂ ਛਿੜਕਾਅ ਫੁੱਲ ਨਿਕਲਣ ਸਮੇਂ, ਦੂਜਾ ਪੂਰੇ ਫੱਲੁ ਪੈਣ ਸਮੇਂ (ਫ਼ਰਵਰੀ ਦੇ ਤੀਜੇ ਤੋਂ ਚੌਥੇ |


| | |
|---|---|
| ਕਿਉਂਕਿ ਇਹ ਕੀੜਾ ਰਸ ਚੂਸ ਕੇ ਸ਼ਹਿਦ ਵਰਗਾ ਮਿੱਠਾ ਮਾਦਾ ਲਗਾਤਾਰ ਛੱਡਦਾ ਰਹਿੰਦਾ ਹੈ ਜਿਸ ਤੇ ਕਾਲੀ ਉੱਲੀ ਜੰਮਣ ਨਾਲ ਬੂਟੇ ਦੀ ਖੁਰਾਕ ਬਣਾਉਣ ਦੀ ਪ੍ਰੀਕਿਰਿਆ ਨੂੰ ਨੁਕਸਾਨ ਪਹੁੰਚਾਉਂਦਾ ਹੈ ।  | ਹਫ਼ਤੇ) ਅਤੇ ਤੀਜਾ ਫ਼ਲ ਪੈਣ ਸਮੇਂ (ਮਾਰਚ ਦੇ ਪਹਿਲੇ ਤੋਂ ਦੂਜੇ ਹਫ਼ਤੇ) ਕਰੋ ਪਰ ਨਾਸ਼ਪਾਤੀ ਤੇ ਉਪ੍ਰ ਰਕੋ ਤ ਕਿਸ` ਵੀ ਦਵਾਈ ਦੀ ਫੁੱਲ ਪੈਣ ਦੌਰਾਨ (ਫ਼ਰਵਰੀ ਦੇ ਦੂਜੇ ਤੋਂ ਤੀਸਰੇ ਹਫ਼ਤੇ) ਕਾਫ਼ੀ ਹੈ । |

## ਅ) ਬਿਮਾਰੀਆਂ :(ਨਾਸ਼ਪਤੀ)

| ਬਿਮਾਰੀਆਂ ਅਤੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| 1. ਨਾਸ਼ਪਾਤੀ ਦਾ ਖਰੀਂਢ : ਪੱਤਿਆਂ ਦੇ ਹੇਠਲੇ ਪਾਸੇ ਗੂੜ੍ਹੇ ਖਾਕੀ,ਉੱਲੀਦਾਰ ਧੱਬੇ ਪੈ ਜਾਦੇ ਹਨ । ਮਾਰ ਹੇਠ ਆਏ ਪੱਤੇ ਤੇ ਫੁੱਲ ਝੜ ਜਾਂਦੇ ਹਨ । ਫਲਾਂ ਉੱਤੇ ਵੀ ਗੂੜ੍ਹੇ ਭੂਰੇ ਚਟਾਖ ਪੈ ਜਾਂਦੇ ਹਨ, ਜੋ ਆਪਸ ਵਿੱਚ ਮਿਲ ਜਾਂਦੇ ਹਨ ਅਤੇ ਫਲ ਪਾਟ ਜਾਂਦੇ ਹਨ । | ਪੁੰਗਾਰੇ ਤੋਂ ਪਹਿਲਾਂ ਦਰਖਤਾਂ ਨੂੰ ਭਾਰੀ ਰੂੜੀ ਦੀ ਖਾਦ ਪਾਉ ਤੇ ਉਨ੍ਹਾਂ ਦੀ ਸਿਥਲ (ਨੀਂਦ) ਅਵਸਥਾ ਤੋਂ ਲੈ ਕੇ ਅਤੇ ਫੁੱਲ ਖਿੜਨ ਤੋਂ ਪਹਿਲਾਂ ਤੇ ਪਿੱਛੋਂ ਦਸਾਂ ਦਿਨਾਂ ਦਾ ਵਕਫਾ ਪਾ ਕੇ 0.2% ਕੈਪਟਾਨ ਦਾ ਛਿੜਕਾਅ ਕਰੋ । ਜੇ ਬਿਮਾਰੀ ਨਾ ਹਟੇ ਤਾਂ 7-8 ਛਿੜਕਾਅ ਕਰੋ । ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਡਿੱਗੇ ਹੋਏ ਪੱਤਿਆਂ ਨੂੰ ਸਾੜ ਦਿਉ ਜਾਂ ਧਰਤੀ ਵਿੱਚ ਡੂੰਘਾ ਵਾਹ ਦਿਉ । ਚੰਗੀ ਤਰ੍ਹਾਂ ਹਵਾ ਆਉਣ ਲਈ ਦਰਖਤ ਛਾਂਗ ਦਿਉ । |
| 2. ਕਰੂੰਬਲਾ ਤੇ ਫਲਾਂ ਦਾ ਸੜਨਾ ਤੇ ਛਿੱਲ ਦਾ ਕੋਹੜ : ਪੱਤਿਆਂ ਉੱਤੇ ਛੋਟੇ-ਛੋਟੇ ਭੂਰੇ ਅੰਡਾਕਾਰ ਦਾਗ ਜਾਂ ਜ਼ਖਮਾਂ ਦੇ ਨਿਸ਼ਾਨ ਪੈ ਜਾਂਦੇ ਹਨ । ਜਿਉਂ-ਜਿਉਂ ਇਹ ਦਾਗ ਵੱਡੇ ਹੁੰਦੇ ਜਾਂਦੇ ਹਨ, ਇਨ੍ਹਾਂ ਦਾ ਕੇਂਦਰੀ ਭਾਗ ਹੇਠਾਂ ਨੂੰ ਧੱਸਦਾ ਜਾਂਦਾ ਹੈ। ਇਸ ਤਰ੍ਹਾਂ ਕਿਨਾਰੇ ਨੇੜੇ ਦੇ ਛਿਲਕੇ ਨੂੰ ਵੀ ਦਾਗੀ ਕਰ ਦਿੰਦੇ ਹਨ । ਇਸ ਰੋਗ ਦੀ ਸੂਰਤ ਵਿੱਚ ਛਿੱਲ ਉੱਤੇ ਵੀ ਉੱਲੀ ਜੰਮੀ ਰਹਿੰਦੀ ਹੈ ।   | ਤਣੇ ਉੱਪਰ ਦਾਗਾਂ ਨੂੰ ਸਾਫ ਕਰੋ ਤੇ ਸੜੀ ਹੋਈ ਛਿੱਲ ਨੂੰ ਉਤਾਰ ਕੇ, ਤਣੇ ਦੇ ਸਿਹਤਮੰਦ ਭਾਗ ਨੂੰ ਵੀ ਹੇਠੋਂ ਦੋ ਸੈਂਟੀਮੀਟਰ ਡੂੰਘਾ ਕਰਕੇ ਖੁਰਚੋ । ਸਭ ਰੋਗੀ ਮੁਆਦ ਨੂੰ ਨਸ਼ਟ ਕਰ ਦਿਉ । ਟੱਕਾਂ ਉੱਤੇ ਕਿਰਮ ਰਹਿਤ ਕੀਤਾ ਘੋਲ ਲਾਉ ਤੇ ਮਗਰੋਂ ਬੋਰਡੋ ਪੇਸਟ ਦੀ ਲੇਪ ਕਰ ਦਿਉ । ਇੱਕ ਹਫਤਾ ਮਗਰੋਂ ਸੁੱਕੀ ਹੋਈ ਲੇਪ ਉੱਪਰ ਬੋਰਡੋ ਪੇਂਟ ਲਾ ਦਿਉ । ਇਸ ਅਮਲ ਤੇ ਤੁਰੰਤ ਮਗਰੋਂ ਬੂਟਿਆਂ ਉੱਪਰ 2:2:250 ਦੇ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ ।<br>500 ਲਿਟਰ ਪਾਣੀ ਵਿੱਚ ਡੇਢ ਕਿਲੋ ਕਾਪਰ ਆਕਸੀਕਲੋਰਾਈਡ (0.3%) 50% ਜਾਂ ਬੋਰਡੋ ਮਿਸ਼ਰਣ ਦਾ ਛਿੜਕਾਅ ਮਾਰਚ, ਜੂਨ ਅਤੇ ਜਨਵਰੀ ਵਿੱਚ ਕਰੋ । |
| 3. ਜੜ੍ਹਾਂ ਅਤੇ ਸੈਪ ਵੁੱਡ ਦਾ ਗਲਣਾ : ਇਸ ਰੋਗ ਦੇ ਅਸਰ ਕਾਰਨ ਤਣਾ ਤੇ ਟਹਿਣੀਆਂ ਝੁਲਸੀਆਂ ਨਜ਼ਰ ਆਉਂਦੀਆਂ ਹਨ । ਜੜ੍ਹਾਂ ਗਲ ਜਾਂਦੀਆਂ ਹਨ ਅਤੇ ਭੂਰੇ ਰੰਗ ਦੀਆਂ ਹੋ ਜਾਂਦੀਆਂ ਹਨ । ਰੋਗ ਦੀ ਮਾਰ ਹੇਠ ਆਏ ਬੂਟੇ ਮੁਰਝਾਏ ਨਜ਼ਰ ਆਉਂਦੇ ਹਨ । ਉਨ੍ਹਾਂ ਦੇ | ੳ) ਪੂਰੇ ਵੱਧ ਚੁੱਕੇ ਬੂਟਿਆਂ ਤੇ 10 ਗ੍ਰਾਮ ਬਾਵਿਸਟਨ ਘੁਲਣਸ਼ੀਲ + 5 ਗ੍ਰਾਮ ਵਾਈਟਾਵੈਕਸ ਦਾ 10 ਲਿਟਰ ਪਾਣੀ ਵਿੱਚ ਘੋਲ ਤਿਆਰ ਕਰਕੇ ਤਣੇ ਦੇ ਚਾਰੇ ਪਾਸੇ, ਤੇ ਜੜ੍ਹਾਂ ਉੱਪਰਲੇ ਜ਼ਮੀਨ ਦੇ ਹਿੱਸੇ ਤੇ ਸਾਲ ਵਿੱਚ ਦੋ ਵਾਰ (ਅਪਲੈ੍ - |

| | |
|---|---|
| ਪੱਤੇ ਸਮੇਂ ਤੋਂ ਪਹਿਲਾਂ ਝੜਨੇ ਸ਼ੁਰੂ ਹੋ ਜਾਂਦੇ ਹਨ । ਬੂਟੇ ਤੇ ਮਾਰੂ ਅਸਰ ਹੋਣ ਤੋਂ ਪਹਿਲਾਂ ਫਲ ਜ਼ਿਆਦਾ ਪੈਂਦਾ ਹੈ । ਜੜ੍ਹਾਂ ਦੇ ਗਲਣ ਕਾਰਨ ਭਾਰੇ ਬੂਟੇ ਆਮ ਤੌਰ ਤੇ ਡਿੱਗ ਪੈਂਦੇ ਹਨ ।  | ਮਈ ਤੇ ਸਤਬੰਰ-ਅਕਤਬੂਰ)ਛਿੜਕਾਅ ਕਰੋ । ਛਿੜਕਾਅ ਤੋਂ ਇੱਕਦਮ ਬਾਅਦ ਹਲਕਾ ਪਾਣੀ ਦੇ ਦਿਉ । ਛੋਟੇ ਪੌਦਿਆਂ ਵਿੱਚ ਦਵਾਈ ਦੀ ਮਾਤਰਾ ਘੱਟ ਕਰ ਦਿਉ ।<br>**ਅ)** ਕਦੇ ਵੀ ਡੂੰਘੀ ਗੋਡੀ ਨਾ ਕਰੋ । ਇਸ ਨਾਲ ਜੜ੍ਹਾਂ ਜ਼ਖਮੀ ਹੋ ਕੇ ਉੱਲੀ ਦੇ ਹਮਲੇ ਹੇਠ ਆ ਸਕਦੀਆਂ ਹਨ । ਬਾਗ ਵਿਚੱ ਅਜਿਹੀਆਂ ਫ਼ਸਲਾਂ ਦੀ ਕਾਸ਼ਤ ਨਾ ਕਰੋ ਜਿਨ੍ਹਾਂ ਨੂੰ ਸਰਦੀਆਂ ਵਿੱਚ ਜ਼ਿਆਦਾ ਪਾਣੀ ਦੀ ਜ਼ਰੂਰਤ ਹੋਵੇ ।<br>**ੲ)** ਤਣੇ ਦੇ ਆਸੇ-ਪਾਸੇ ਜ਼ਿਆਦਾ ਮਿੱਟੀ ਨਾ ਚੜ੍ਹਾਉ । |

## ੲ) ਬਿਮਾਰੀਆਂ: (ਆੜੂ ਅਤੇ ਅਲੂਚਾ)

| ਬਿਮਾਰੀਆਂ ਅਤੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| **1. ਜੜ੍ਹ ਗੰਢ ਨੀਮਾਟੋਡ:** ਨਰਸਰੀ ਵਿੱਚ ਬਿਮਾਰ ਬੂਟਿਆਂ ਦੇ ਪੱਤੇ ਛੋਟੇ ਅਤੇ ਪੀਲੇ ਹੋ ਜਾਂਦੇ ਹਨ। ਬੂਟੇ ਆਕਾਰ ਵਿੱਚ ਛੋਟੇ ਰਹਿ ਜਾਂਦੇ ਹਨ ਅਤੇ ਇਨ੍ਹਾਂ ਦੀਆਂ ਜੜ੍ਹਾਂ ਉਪਰ ਗੰਢਾਂ ਬਣ ਜਾਂਦੀਆਂ ਹਨ ਜੋ ਕਿ ਬਿਮਾਰੀ ਦੀ ਮੁੱਖ ਨਿਸ਼ਾਨੀ ਹੈ।  | 1. ਨਰਸਰੀ ਅਤੇ ਬੈਟੇ ਨੀਮਾਟੋਡ ਮੁਕਤ ਖੇਤ ਵਿੱਚ ਹੀ ਲਾਉ।<br>2. ਬਾਗ ਵਿੱਚ ਕੱਦੂ ਜਾਤੀ ਦੀ ਫਸਲ ਜਾਂ ਦਾਲਾਂ ਨਾ ਬੀਜੋ ਕਿਉਂਕਿ ਇਹ ਵੀ ਬਿਮਾਰੀ ਨੂੰ ਵਧਾਉਂਦੀਆਂ ਹਨ।<br>3. ਨਰਸਰੀ ਵਿੱਚ ਤਿੰਨ ਵਾਰ 40 ਕਿੱਲੋ/ਏਕੜ ਫਿਊਰਾਡਾਨ 3 ਜੀ ਪਾਉ ਅਤੇ ਹਰ ਸਾਲ ਬਾਗਾਂ ਵਿਚ 2-3 ਵਾਰ ਇਹੋ ਦਵਾਈ 100-150 ਗ੍ਰਾਮ ਪ੍ਰਤੀ ਬੂਟਾ ਪਾਉਣ ਨਾਲ ਨੀਮਾਟੋਡ ਦੀ ਰੋਕਥਾਮ ਹੋ ਜਾਂਦੀ ਹੈ। |
| **2. ਪੱਤਿਆਂ ਵਿੱਚ ਬਰੀਕ ਮੋਰੀਆਂ ਵਾਲਾ ਰੋਗ:** ਪੱਤਿਆਂ ਦੇ ਗੂੜ੍ਹੇ ਭੂਰੇ ਰੰਗ ਦੇ ਖਿਲਰੇ ਹੋਏ ਦਾਗ ਪ੍ਰਗਟ ਹੁੰਦੇ ਹਨ।ਇਹ ਤੇਜ਼ੀ ਨਾਲ ਫ਼ੈਲਦੇ ਹਨ।ਪੱਤੇ ਵਿਚੋਂ ਰੋਗੀ ਹਿੱਸਾ ਟੁੱਟ ਕੇ ਡਿੱਗ ਜਾਂਦਾ ਹੈ ਅਤੇ ਛੋਟੀ ਮੋਰੀ ਬਣ ਜਾਂਦੀ ਹੈ। | ਪੱਤਝੜ ਦੀ ਰੁੱਤੇ ਜਾਂ ਮਗਰੋਂ ਅੱਖਾਂ ਫੁੱਲਣ ਸਮੇਂ ਬੂਟਿਆਂ ਤੇ ਕੈਪਟਾਨ ਜਾਂ ਜੀਰਮ ਜਾਂ ਥੀਰਮ ਦਵਾਈ ਦਾ 0.2 ਫ਼ੀਸਦੀ ਦੇ ਘੋਲਦਾ ਛਿੜਕਾ ਕਰੋ (100 ਲਿਟਰ ਪਾਣੀ ਵਿਚ 200 ਗ੍ਰਾਮ ਦਵਾਈ) । |
| **3. ਛਿੱਲ ਦਾ ਸਾੜਾ ਤੇ ਗੂੰਦ ਰੋਗ :** ਇਹ ਬਿਮਾਰੀ ਬੈਕਟੀਰੀਆ ਤੋਂ ਲੱਗਦੀ ਹੈ । ਕੀੜੇ ਅਤੇ ਉੱਲੀ ਵਾਲੇ ਰੋਗਾਂ ਦੇ ਹਮਲੇ ਅਤੇ ਠੰਢ ਦੇ ਨੁਕਸਾਨ ਕਾਰਨ ਵੀ ਗੂੰਦ ਨਿਕਲ ਸਕਦੀ ਹੈ । ਗੂੰਦ ਤਣੇ, ਮੁੱਢ, ਟਹਿਣੀਆਂ, ਸ਼ਾਖਾਂ, ਖੁੰਘਿਆਂ, ਫੁੱਲ, ਬੰਦ ਅੱਖਾਂ ਅਤੇ ਫ਼ਲਾਂ ਉਤੇ ਦੇਖੀ ਜਾ ਸਕਦੀ ਹੈ । ਆਮ ਤੌਰ ਤੇ ਮੁੱਢਲੇ ਤਣੇ ਅਤੇ ਮੁੱਖ ਟਹਿਣੀਆਂ ਉਤੇ ਹੀ ਇਸ ਦਾ ਜ਼ਿਆਦਾ ਅਸਰ ਹੁੰਦਾ ਹੈ । ਛਿੱਲੜ ਉਤੇ ਗਲੋ ਜਾਂ ਲੰਬੂਤਰੇ, ਸੁੰਗੜੇ ਜਿਹੇ ਗੂੜ੍ਹੇ ਭੂਰੇ ਰੰਗ ਦੇ ਖਟਾਸ ਦੀ ਬੋ ਮਾਰਨ ਵਾਲੇ ਛਾਲੇ ਨਜ਼ਰ ਆਉਂਦੇ ਹਨ । ਗੰਭੀਰ ਹਾਲਤ ਵਿਚ | ਵਰਖਾ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਜਖ਼ਮਾਂ ਨੂੰ ਸਾਫ਼ ਕਰਕੇ ਮਸ਼ੋਬਰਾ ਮੱਲ੍ਹਮ ਲਗਾਓ । ਇਸ ਮਲ੍ਹਮ ਦਾ ਲੇਪ ਸਾਰੀਆਂ ਟਹਿਣੀਆਂ ਤੇ ਹੀ ਕਰ ਦਿਓ ।<br>ਮਸ਼ੋਬਰਾ ਮਲ੍ਹਮ<br>ਪਾਣੀ = 5.5 ਲਿਟਰ<br>ਲੈਨੋਲਿਨ = 225 ਗ੍ਰਾਮ<br>ਮਾਰਫੋਲਿਨ = 150 ਗ੍ਰਾਮ<br>ਸਟਰੈਪਟਸੋ ਾਈਕਲਿਨ = 25 ਗ੍ਰਾਮ |

| | |
|---|---|
| ਟਹਿਣੀਆਂ ਵਿਚ ਚੀਰ ਪੈ ਜਾਂਦੇ ਹਨ । ਇਹਨਾਂ ਹਾਲਤਾਂ ਵਿਚ ਗਰਮੀ ਰੁੱਤ ਵਿਚ ਟਹਿਣੀਆਂ ਸੁੱਕ ਜਾਂਦੀਆਂ ਹਨ ।<br>  | ਉਪਰ ਸਾਰੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਰਲਾ ਕੇ ਮਲ੍ਹਮ ਬਣਾ ਲਓ । ਇਸ ਨੂੰ ਸਾਫ਼ ਭਾਂਡੇ ਵਿਚ ਪਾ ਕੇ ਰੱਖੋ ਅਤੇ ਲੋੜ ਪੈਣ ਤੇ ਵਰਤੋ । |
| **4. ਤਣੇ ਦੇ ਮੁੱਢ ਵਿੱਚ ਰਸੋਲੀਆਂ ਜਾਂ ਫੋੜੇ ਬਣਨ ਦਾ ਰੋਗ:** ਇਸ ਬਿਮਾਰੀ ਨਾਲ ਬੂਟੇ ਦੀਆਂ ਮੁੱਖ ਜੜ੍ਹਾਂ ਅਤੇ ਪਿਉਂਦ ਵਾਲੇ ਹਿੱਸੇ ਤੇ ਵੱਖ-ਵਖ ਆਕਾਰ ਦੇ ਫੋੜੇ ਜਾਂ ਰਸੌਲੀਆਂ ਨਜ਼ਰ ਆਉਂਦੀਆਂ ਹਨ। ਸ਼ੁਰੂ ਵਿਚ ਇਹ ਹਲਕੇ ਪੀਲੇ ਰੰਗ ਦੇ ਅਤੇ ਨਰਮ ਹੁੰਦੇ ਹਨ ਅਤੇ ਬਾਦ ਵਿੱਚ ਇਹ ਸਖਤ ਅਤੇ ਜੜ੍ਹਾਂ ਨਾਲੋਂ ਗੂੜੇ ਰੰਗ ਦੇ ਹੋ ਜਾਂਦੇ ਹਨ। ਪੱਤੇ ਪੀਲੇ ਪੈ ਜਾਂਦੇ ਹਨ, ਜੜ੍ਹਾਂ ਕਮਜੋਰ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਵਾਧਾ ਰੁਕ ਜਾਂਦਾ ਹੈ।<br> | 1.ਬੂਟੇ ਨੂੰ ਨਰਸਰੀ ਵਿੱਚੋਂ ਪੁੱਟਦੇ ਸਮੇਂ, ਬਾਗ ਵਿੱਚ ਲਗਾਉਂਦਿਆਂ ਜਾਂ ਗੋਡੀ ਕਰਦੇ ਸਮੇਂ ਜੜ੍ਹਾਂ ਅਤੇ ਤਣੇ ਦੇ ਮੁੱਢਾਂ ਨੂੰ ਜਖਮੀ ਹੋਣ ਤੋਂ ਬਚਾਉ।<br>2. ਰੋਗੀ ਬੂਟੇ ਨਰਸਰੀ ਵਿੱਚੋਂ ਪੁੱਟ ਕੇ ਸਾੜ ਦਿਉ।<br>3. ਬਾਗ ਵਿੱਚ ਬੂਟੇ ਲਾਉਣ ਤੋਂ ਪਹਿਲਾਂ ਜੜ੍ਹਾਂ ਨੂੰ ਬਲ਼ੀਚਿੰਗ ਪਾਊਡਰ ਦੇ 5% ਘੋਲ ਵਿੱਚ ਇੱਕ ਮਿੰਟ ਲਈ ਡੁਬੋ ਕੇ ਸੋਧ ਲਉ। |
| **5. ਭੂਰੀ ਸੜ੍ਹਾਂਦ:** ਇਸ ਰੋਗ ਨਾਲ ਫੁੱਲਾਂ ਦੀਆਂ ਪੱਤੀਆਂ ਮੁਰਝਾ ਕੇ ਮਰ ਜਾਂਦੀਆਂ ਹਨ। ਪੁੰਗਰ ਰਹੀਆਂ ਸ਼ਾਖਾ ਵਿੱਚ ਉੱਲੀ ਲੱਗ ਜਾਂਦੀ ਹ ਅਤੇ ਮਰ ਜਾਂਦੀਆਂ ਹਨ। ਪੱਤੇ ਮੁਰਝਾ ਕੇ ਚੜ੍ਹ ਜਾਂਦੇ ਹਨ।ਵੱਡੇ ਟਾਹਨਿਆਂ ਦੀ ਛਿੱਲ ਉੱਧੜ ਕੇ ਮਰ ਜਾਂਦੀ ਹੈ ਅਤੇ ਤਰੇੜਾਂ ਪੈ ਕੇ ਗੂੰਦ ਨਿਕਲਣ ਲੱਗ ਜਾਂਦੀ ਹੈ।ਫ਼ਲ ਉੱਤੇ ਹਲਕੇ ਭੂਰੇ ਰੰਗ ਦੇ ਦਾਗ ਪੈ ਕੁੱਝ ਦਿਨਾਂ ਵਿੱਚ ਵੱਡੇ ਹੋ ਜਾਂਦੇ ਹਨ ਅਤੇ ਫ਼ਲ ਸਖਤ ਜਿਹਾ ਹੋ ਕੇ ਧਰਤੀ ਤੇ ਡਿੱਗ ਪੈਂਦਾ ਹੈ ਜਾ ਲਟਕਦਾ ਰਹਿੰਦਾ ਹੈ। | 1. ਸੁੱਕੇ ਮੁਰਦਾ ਫ਼ਲਾਂ ਨੂੰ ਤੋੜ ਕੇ ਸਾੜੋ ਅਤੇ ਟੁੱਟ ਕੇ ਡਿੱਗੇ ਫ਼ਲਾਂ ਨੂੰ ਜ਼ਮੀਨ ਵਿੱਚ ਦੱਬ ਦਿਉ। ਰੋਗੀ ਸ਼ਾਖਾਂ ਨੂੰ ਕੱਟ ਸੁੱਟੋ।ਰੋਗੀ ਛਿੱਲ ਤੇ ਪੱਤੇ ਉਤਾਰ ਕੇ ਸਾੜ ਦਿਉ।<br>2. ਤੋੜਾਈ ਕਰਨ ਸਮੇਂ ਫ਼ਲ ਤੇ ਜ਼ਖਮ ਨਾ ਹੋਣ ਦਿਓ।ਮੰਡੀਆਂ ਲਈ ਚੰਗੇ ਸਿਹਤਮੰਦ ਫ਼ਲ ਚੁਣੋ।<br>3. ਫ਼ਲ ਤੋੜਨ ਤੋਂ ਲੱਗਭਗ ਤਿੰਨ ਹਫ਼ਤੇ ਪਹਿਲਾਂ ਬੂਟਿਆਂ ਨੂੰ ਕੈਪਟਾਨ (100 ਲਿਟਰ ਪਾਣੀ ਵਿੱਚ 20 ਗ੍ਰਾਮ) ਦਵਾਈ ਦਾ ਛਿੜਕਾਅ ਕਰੋ।ਜੇ ਰੋਗ ਗੰਭੀਰ ਹੋਵੇ ਤਾਂ ਇਹ ਦਵਾਈ ਫ਼ਲ ਤੋੜਣ ਤੋਂ 15 ਦਿਨਾਂ ਦੇ ਵਕਫ਼ੇ ਨਾਲ ਛਿੜਕਦੇ ਰਹੋ। |

# ਅਮਰੂਦ



ਅਲਾਹਾਬਾਦ ਸਫ਼ੈਦਾ



ਸਰਦਾਰ (ਐਲ 49)



ਪੰਜਾਬ ਪਿੰਕ

### ਉੱਨਤ ਕਿਸਮਾਂ :

**ਪੰਜਾਬ-ਪਿੰਕ** : ਇਹ ਪੁਰਤਗਾਲ x ਐਲ-49 = ਐਫ 1 x ਐਪਲ ਕਲਰ ਦਾ ਇੱਕ ਹਾਈਬ੍ਰਿਡ ਹੈ । ਇਸ ਕਿਸਮ ਦੇ ਦਰਖਤ ਭਰਵੇਂ ਅਤੇ ਝੁਕੀਆਂ ਟਹਿਣੀਆਂ ਵਾਲੇ ਹੁੰਦੇ ਹਨ । ਫ਼ਲ ਦਰਮਿਆਨੇ ਤੋਂ ਵੱਡੇ ਅਕਾਰ ਦੇ ਤੇ ਗਰਮੀਆਂ ਦੇ ਮੌਸਮ ਦੌਰਾਨ ਦਿਲਖਿਚੁਵੇਂ ਲਾਲ ਰੰਗ ਦੇ ਅਤੇ ਸਰਦੀਆਂ ਦੇ ਮੌਸਮ 'ਚ ਸੁਨਹਿਰੀ ਪੀਲੇ ਰੰਗ ਦੇ ਹੁੰਦੇ ਹਨ । ਗੁੱਦਾ ਲਾਲ ਤੇ ਸੁਭਾਣੀ ਸੁਗੰਧੀ ਵਾਲਾ ਹੁੰਦਾ ਹੈ । ਕੁਲ ਠੋਸ ਪਦਾਰਥ 10.5 ਤੋਂ 12.00% ਹੈ । ਇਸ ਦਾ ਔਸਤਨ ਝਾੜ 53 ਕਿਲੋ ਪ੍ਰਤੀ ਦਰਖਤ ਹੈ ।

**ਸਰਦਾਰ** : ਇਹ ਅਲਾਹਾਬਾਦ ਸਫ਼ੈਦਾ ਤੋਂ ਚੁਣੀ ਗਈ ਹੈ । ਇਸ ਨੂੰ ਐਲ 49 ਵੀ ਆਖਦੇ ਹਨ । ਇਸ ਦਾ ਬੂਟਾ ਮਧਰਾ ਹੁੰਦਾ ਹੈ, ਛਤਰੀ ਗੋਲ, ਖੁੱਲ੍ਹੀ ਪਰ
ਉਪਰੋਂ ਬੈਠਵੀਂ ਤੇ ਸ਼ਾਖਾਂ ਫੈਲਾਅ ਵਾਲੀਆਂ ਹੁੰਦੀਆਂ ਹਨ । ਇਸ ਦੇ ਪੱਤੇ ਦਰਮਿਆਨੇ ਆਕਾਰ ਦੇ ਅਤੇ ਦਰਖਤ ਸੰਘਣੇ ਪੱਤਿਆਂ ਵਾਲਾ ਹੁੰਦਾ ਹੈ । ਫ਼ਲ ਵੱਡਾ, ਖੁਰਦਰ੍ਹਾ ਅਤੇ ਉਪਰਲੇ ਹਿੱਸੇ ਤੇ ਧਾਰੀਆਂ, ਕਰੀਮੀ ਰੰਗ ਦਾ ਮੁਲਾਇਮ ਰਸ ਭਰਪੂਰ ਗੁੱਦਾ ਅਤੇ ਸੁਆਦਲਾ ਹੁੰਦਾ ਹੈ ਜਿਸ ਦੀ ਮਿਠਾਸ 10-12% ਹੁੰਦੀ ਹੈ ।ਭਰ-ਜਵਾਨ ਬੂਟੇ ਤੋਂ ਔਸਤਨ ਫ਼ਲ ਝਾੜ 125 ਤੋਂ 150 ਕਿਲੋ ਮਿਲ ਜਾਂਦਾ ਹੈ ।

**ਅਲਾਹਾਬਾਦ ਸਫ਼ੈਦਾ** : ਇਸ ਕਿਸਮ ਦੇ ਬੂਟੇ ਮਧਰੇ, ਗੋਲ, ਸੰਘਣੇ ਛੱਤਰੀਦਾਰ ਤੇ ਲਮਕਵੀਆਂ ਸ਼ਾਖਾਂ ਵਾਲੇ ਅਤੇ ਫੈਲਵੇਂ ਹੁੰਦੇ ਹਨ । ਪੱਤੇ ਵੱਡੇ ਆਕਾਰ ਦੇ ਅਤੇ ਦਰਖਤ ਸਰਦਾਰ ਕਿਸਮ ਨਾਲੋਂ ਘੱਟ ਸੰਘਣੇ ਪੱਤਿਆਂ ਵਾਲੇ ਹੁੰਦੇ ਹਨ । ਫ਼ਲ ਗੋਲ, ਮੁਲਾਇਮ ਚਿੱਟਾ ਗੁੱਦਾ, ਦਿਲਖਿੱਚਵੀਂ ਖੁਸ਼ਬੂ ਅਤੇ 10-12% ਮਿਠਾਸ ਵਾਲੇ ਹੁੰਦੇ ਹਨ । ਭਰ-ਜਵਾਨ ਬੂਟਿਆਂ ਤੋਂ 120 ਤੋਂ 140 ਕਿਲੋ ਫ਼ਲ ਪ੍ਰਤੀ ਬੂਟਾ ਹੁੰਦਾ ਹੈ ।

**ਅਰਕਾ ਅਮੁਲਿਆ** : ਇਹ ਸੀਡਲੈਸ ਅਤੇ ਅਲਾਹਾਬਾਦ ਸਫ਼ੈਦਾ ਦਾ ਹਾਈਬ੍ਰਿਡ ਹੈ । ਇਸ ਦੇ ਦਰਖਤ ਕੁਝ ਹੱਦ ਤੱਕ ਮੱਧਰੇ, ਛੱਤਰੀ ਗੋਲ ਅਤੇ ਗੁੰਦਵੀਂ ਅਤੇ ਲਮਕਵੀਆਂ ਸੰਘਣੇ ਪੱਤਿਆਂ ਵਾਲੀਆਂ ਟਹਿਣੀਆਂ ਹੁੰਦੀਆਂ ਹਨ । ਇਸ ਦਾ ਫ਼ਲ ਵੱਡਾ, ਗੋਲ, ਲਿਸ਼ਕਵਾਂ ਤੇ ਚਿੱਟੇ ਗੁੱਦੇ ਵਾਲਾ ਜਿਸ ਵਿੱਚ ਨਰਮ ਬੀਜ ਹੁੰਦੇ ਹਨ । ਬਰਸਾਤ ਤੇ ਸਰਦੀਆਂ ਦੀ ਫ਼ਸਲ ਦਾ ਔਸਤਨ ਝਾੜ 144 ਕਿਲੋ ਪ੍ਰਤੀ ਬੂਟਾ ਹੁੰਦਾ ਹੈ । ਕੁਲ ਠੋਸ ਪਦਾਰਥ 9.3 ਤੋਂ 10.1 ਪ੍ਰਤੀਸ਼ਤ ਅਤੇ ਖਟਾਸ 0.25 ਤੋਂ 0.34 ਪ੍ਰਤੀਸ਼ਤ ਹੁੰਦੀ ਹੈ ।

### ਜੜ੍ਹ-ਮੁੱਢ :

**ਪੁਰਤਗਾਲ :** ਅਮਰੂਦ ਦਾ ਇਹ ਜੜ੍ਹ-ਮੁੱਢ ਸਰਦਾਰ ਅਤੇ ਅਲਾਹਾਬਾਦ ਸਫ਼ੈਦਾ ਕਿਸਮਾਂ ਲਈ ਬਹੁਤ ਢੁਕਵਾਂ ਹੈ ਕਿਉਂਕਿ ਇਹ ਫ਼ਲਾਂ ਦਾ ਝਾੜ ਅਤੇ ਭਾਰ ਵਧਾਉਂਦਾ ਹੈ । ਇਹ ਜੜ੍ਹ-ਮੁੱਢ ਵਢੋਤਰੀ ਅਤੇ ਮੁਰਝਾਉਣ ਦੇ ਰੋਗ ਨੂੰ ਸਹਿਣਸ਼ਕਤੀ ਪ੍ਰਦਾਨ ਕਰਦਾ ਹੈ।

### ਨਸਲੀ ਵਾਧਾ

ਅਮਰੂਦ ਦਾ ਨਸਲੀ ਵਾਧਾ ਸੁਧਰੇ ਪੈਚ ਢੰਗ ਨਾਲ ਕੀਤਾ ਜਾਂਦਾ ਹੈ । ਜੜ੍ਹ-ਮੁੱਢ ਤਿਆਰ ਕਰਨਾ : ਸਰਦਾਰ ਕਿਸਮ ਦੇ ਫ਼ਲ ਜਿਸ ਨੂੰ ਮੁਰਝਾਉਣ ਦਾ ਰੋਗ ਘੱਟ ਲੱਗਦਾ ਹੈ, ਦਾ ਬੀਜ ਅਗਸਤ ਜਾਂ ਮਾਰਚ ਵਿੱਚ 2x1 ਮੀਟਰ ਦੀਆਂ ਉਭਰਵੀਆਂ ਕਿਆਰੀਆਂ ਵਿੱਚ ਬੀਜਿਆ ਜਾਂਦਾ ਹੈ । ਪੌਦ ਛੇ ਮਹੀਨੇ ਬਾਅਦ ਦੂਸਰੀ ਥਾਂ ਲਾਉਣ ਲਈ ਤਿਆਰ ਹੋ ਜਾਂਦੀ ਹੈ ਅਤੇ ਜਦੋਂ ਪਨੀਰੀ 1-1.2 ਸੈਂਟੀਮੀਟਰ ਮੋਟੀ ਅਤੇ 15 ਸੈਂਟੀਮੀਟਰ ਉੱਚੀ ਹੋ ਜਾਵੇ ਤਾਂ ਪਿਉਂਦ ਕੀਤੀ ਜਾਂਦੀ ਹੈ । ਕਈ ਵਾਰ ਅਮਰੂਦ ਦੀ ਪੌਦ ਡੈਮਪਿੰਗ-ਆਫ਼ ਬਿਮਾਰੀ ਕਾਰਨ ਮੁਰਝਾਉਣ ਦੇ ਚਿੰਨ੍ਹ ਦਰਸਾਉਂਦੀ ਹੈ । ਇਸ ਦੀ ਰੋਕਥਾਮ ਲਈ ਬੀਜ-ਕਿਆਰੀਆਂ ਨੂੰ 0.3% ਕੈਪਟਾਨ ਨਾਲ ਗੜੁੱਚ ਕਰੋ ।

**ਅੱਖ ਚੜ੍ਹਾਉਣਾ :** ਅੱਖ ਚੜ੍ਹਾਉਣ ਦਾ ਵਧੀਆ ਸਮਾਂ ਮਈ ਅਤੇ ਜੂਨ ਹੈ ਤੇ ਇਸ ਤੋਂ 75-80 ਪ੍ਰਤੀਸ਼ਤ ਕਾਮਯਾਬੀ ਮਿਲ ਜਾਂਦੀ ਹੈ । ਚਾਲੂ ਮੌਸਮ ਦੀ ਫੁਟਾਰ ਵਿੱਚੋਂ ਤਾਜ਼ੀ ਕੱਟੀ ਤਿਕੋਨੀ ਅੱਖ-ਟਹਿਣੀ ਅੱਖ ਚੜ੍ਹਾਉਣ ਲਈ ਠੀਕ ਰਹਿੰਦੀ ਹੈ। ਇੱਕ ਅਰਧ ਚੱਕਰ ਜਾਂ ਆਇਤਕਾਰ ਸ਼ਕਲ ਦਾ ਪੈਚ (2.5x1.0 ਸੈਂਟੀਮੀਟਰ) ਜਿਸ ਤੇ ਦੋ ਅੱਖਾਂ ਹੋਣ, ਪਿਉਂਦ ਵਾਲੀ ਟਹਿਣੀ ਤੋਂ ਉਤਾਰੋ ਅਤੇ ਧਿਆਨ ਰੱਖੋ ਕਿ ਛਿੱਲ ਨਾ ਫਟੇ । ਇਹ ਪੈਚ ਜੜ-ਮੁੱਢ ਦੇ ਨੰਗੇ ਕੀਤੇ ਹਿੱਸੇ ਤੇ ਰੱਖੋ ਅਤੇ ਫੌਰਨ ਬਾਅਦ ਪੋਲੀਥੀਨ ਦੀ ਪੱਟੀ ਨਾਲ ਬੰਨ੍ਹ ਦਿਉ ਪਰ ਅੱਖਾਂ ਨੰਗੀਆਂ ਰਹਿਣ ਦਿਉ । ਇੱਕ ਹਫ਼ਤੇ ਬਾਅਦ ਜਦ ਅੱਖ ਜੜ-ਮੁੱਢ ਨਾਲ ਜੁੜ ਜਾਵੇ ਤਾਂ ਪੋਲੀਥੀਨ ਦੀ ਪੱਟੀ ਉਤਾਰ ਦਿਉ । ਅੱਖਾਂ ਵਿੱਚੋਂ ਫੁੱਟੀਆਂ ਸ਼ਾਖਾਂ ਜਦੋਂ 15-20 ਸੈਂਟੀਮੀਟਰ ਹੋ ਜਾਣ ਤਾਂ ਨਰੋਈ ਸ਼ਾਖ ਰੱਖ ਕੇ ਕਮਜ਼ੋਰ ਸ਼ਾਖ ਕੱਟ ਦਿਉ ।

### ਬੂਟੇ ਲਗਾਉਣਾ

ਅਮਰੂਦ ਫ਼ਰਵਰੀ-ਮਾਰਚ ਜਾਂ ਅਗਸਤ-ਸਤੰਬਰ ਦੌਰਾਨ ਗਾਚੀ ਸਣੇ ਜਾਂ ਨੰਗੀਆਂ ਜੜ੍ਹਾਂ ਨਾਲ ਪੁੱਟ ਕੇ ਲਗਾਇਆ ਜਾ ਸਕਦਾ ਹੈ । ਜੇਕਰ ਬੂਟੇ ਨੰਗੀਆਂ ਜੜ੍ਹਾਂ ਵਾਲੇ ਲਗਾਉਣੇ ਹੋਣ ਤਾਂ ਪੱਤੇ ਲਾਹ ਦਿਉ ਅਤੇ ਜੜ੍ਹਾਂ ਨੂੰ ਕਿਸੇ ਗਿੱਲੀ ਚੀਜ਼ ਨਾਲ ਢੱਕ ਦਿਉ । ਸਰਦਾਰ ਕਿਸਮ ਦੇ ਬੂਟੇ ਘੱਟ ਫ਼ਾਸਲੇ ਤੇ 6ਣ5 ਮੀਟਰ ਤੇ ਲਾਉਣੇ ਚਾਹੀਦੇ ਹਨ । ਇਸ ਤਰ੍ਹਾਂ ਪ੍ਰਤੀ ਏਕੜ 132 ਬੂਟੇ ਲਾਏ ਜਾ ਸਕਦੇ ਹਨ ।

### ਸੁਧਾਈ ਅਤੇ ਕਾਂਟ-ਛਾਂਟ

ਅਮਰੂਦਾਂ ਦੀ ਸੁਧਾਈ ਫ਼ਲਾਂ ਦੇ ਝਾੜ ਅਤੇ ਗੁਣਾਂ ‘ਚ ਸੁਧਾਰ ਕਰਦੀ ਹੈ । ਸੁਧਾਈ ਦਾ ‘ਸੁਧਰਿਆ ਟੀਸੀ ਢੰਗ’ ਆਮ ਵਰਤਿਆ ਜਾਂਦਾ ਹੈ । ਅਮਰੂਦ ਦੇ ਬੂਟਿਆਂ ਦੀ ਸੁਧਾਈ ਦਾ ਮੁੱਖ ਮੰਤਵ ਇਹ ਹੈ ਕਿ ਬੂਟੇ ਨੂੰ ਮਜ਼ਬੂਤ ਢਾਂਚਾ ਪ੍ਰਦਾਨ ਕੀਤਾ ਜਾਵੇ ਤਾਂ ਜੋ ਬਿਨਾਂ ਟਹਿਣੀਆਂ ਦੇ ਟੁੱਟਣ ਤੋਂ ਭਰਵੀਂ ਆਮਦਨ ਵਾਲੀ ਫ਼ਸਲ ਦੇਣ ਯੋਗ ਹੋ ਜਾਵੇ । ਅਮਰੂਦ ਦੇ ਫੁੱਲ ਅਤੇ ਫ਼ਲ ਚਾਲੂ ਮੌਸਮ ਦੌਰਾਨ ਫੁੱਟੀਆਂ ਟਹਿਣੀਆਂ ਤੇ ਲੱਗਦੇ ਹਨ । ਇਸ ਕਰਕੇ ਸਾਲਾਨਾ ਹਲਕੀ ਕਾਂਟ-ਛਾਂਟ ਭਾਵ ਸਿਰੇ ਤੋਂ 10 ਸੈਂਟੀਮੀਟਰ ਕਟਾਈ ਕਰਨ ਨਾਲ ਤੁੜਾਈ ਤੋਂ ਬਾਅਦ ਨਵੀਆਂ ਟਹਿਣੀਆਂ ਦੇ ਵਾਧੇ ‘ਚ ਲਾਭਦਾਇਕ ਸਹਾਈ ਹੁੰਦੀ ਹੈ । ਇਸ ਤੋਂ ਇਲਾਵਾ ਮਰੀਆਂ, ਬੀਮਾਰ, ਆਪਸੀ-ਫਸੀਆਂ ਟਹਿਣੀਆਂ ਅਤੇ ਢਾਂਚੇ ਦੇ ਹੇਠੋਂ ਅਤੇ ਪਾਸੇ ਤੋਂ ਨਿੱਕਲੇ ਫੁਟਾਰੇ ਦੀ ਸਾਲਾਨਾ ਕਾਂਟ-ਛਾਂਟ ਵੀ ਕਰਨੀ ਚਾਹੀਦੀ ਹੈ ।

### ਖਾਦਾਂ

| ਬੂਟੇ ਦੀ ਉਮਰ (ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਖਾਦਾਂ (ਗ੍ਰਾਮ ਪ੍ਰਤੀ ਬੂਟਾ) ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਟਾਸ਼ |
|---|---|---|---|---|
| 1-3 | 10-20 | 150-200 | 500-1500 | 100-400 |
| 4-6 | 25-30 | 300-600 | 1400-2000 | 600-1000 |
| 7-9 | 40-50 | 750-1000 | 2000-2500 | 1100-1500 |
| 10 ਤੋਂ ਉੱਤੇ | 50 | 1000 | 2500 | 1500 |

ਰੂੜੀ ਦੀ ਖਾਦ ਮਈ ਵਿੱਚ ਪਾਉ । ਅੱਧੀਆਂ ਰਸਾਇਣਕ ਖਾਦਾਂ ਮਈ-ਜੂਨ ਤੇ ਅੱਧੀਆਂ ਸਤੰਬਰ-ਅਕਤੂਬਰ ਵਿੱਚ ਪਾਉ ।

**ਜ਼ਿੰਕ ਦੀ ਘਾਟ :** ਜ਼ਿੰਕ ਦੀ ਘਾਟ ਦੇ ਮਾਰੇ ਬੂਟਿਆਂ ਦੇ ਪੱਤਿਆਂ ਦਾ ਆਕਾਰ ਛੋਟਾ ਤੇ ਮੋਟੀਆਂ ਲਕੀਰਾਂ ਦੇ ਵਿਚਾਲੇ ਦਾ ਰੰਗ ਪੀਲਾ ਤੇ ਫਿੱਕਾ ਪੀਲਾ ਹੋਇਆ ਹੁੰਦਾ ਹੈ । ਪੱਤਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਸ਼ਾਖਾਂਵਾਂ ਚੋਟੀ ਤੋਂ ਥੱਲੇ ਨੂੰ ਮਰਨੀਆਂ ਸ਼ੁਰੂ ਹੋ ਜਾਂਦੀਆਂ ਹਨ । ਇਸ ਘਾਟ ਨੂੰ ਜ਼ਿੰਕ ਸਲਫੇਟ ਤੇ ਚੂਨੇ (1 ਕਿਲੋ ਜ਼ਿੰਕ ਸਲਫੇਟ + ਅੱਧਾ ਕਿਲੋ ਅਣਬੁਝਿਆ ਚੂਨਾ 100 ਲਿਟਰ ਪਾਣੀ ‘ਚ) ਦੇ ਘੋਲ ਦਾ ਛਿੜਕਾਅ ਕਰਕੇ ਪੂਰਾ ਕੀਤਾ ਜਾ ਸਕਦਾ ਹੈ । ਜੂਨ ਤੋਂ ਸਤੰਬਰ ਵਿੱਚ ਪੰਦਰਾਂ ਦਿਨ ਦੇ ਵਕਫ਼ੇ ਨਾਲ ਇਹੋ ਜਿਹੇ ਦੋ-ਤਿੰਨ ਛਿੜਕਾਅ ਕਰੋ ।

### ਸਿੰਚਾਈ

ਅਮਰੂਦਾਂ ਦੇ ਨਵੇਂ ਲਗਾਏ ਬੂਟਿਆਂ ਨੂੰ ਗਰਮੀਆਂ ਵਿੱਚ ਹਫ਼ਤੇ ਪਿੱਛੋਂ ਪਾਣੀ ਅਤੇ ਸਰਦੀਆਂ ਵਿੱਚ 2-3 ਪਾਣੀਆਂ ਦੀ ਜ਼ਰੂਰਤ ਹੁੰਦੀ ਹੈ । ਫ਼ਲ ਦਿੰਦੇ ਬੂਟਿਆਂ ਨੂੰ ਚੰਗਾ ਫੁੱਲ ਪੈਣ ਅਤੇ ਫ਼ਲ ਲੱਗਣ ਵਾਸਤੇ ਗਰਮੀਆਂ ਵਿੱਚ 2-3 ਹਫ਼ਤੇ ਬਾਅਦ ਅਤੇ ਸਰਦੀਆਂ ਵਿੱਚ ਇੱਕ ਮਹੀਨੇ ਦੇ ਵਕਫ਼ੇ ਨਾਲ ਪਾਣੀ ਦੇਣਾ ਚਾਹੀਦਾ ਹੈ । ਫੁੱਲਾਂ ਵੇਲੇ ਭਰਵੀਂ ਸਿੰਚਾਈ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਫੁੱਲ ਝੜ ਜਾਂਦੇ ਹਨ ।

### ਅੰਤਰ ਫ਼ਸਲਾਂ

ਬਾਗ ਵਿੱਚ ਬੂਟਿਆਂ ਦਰਮਿਆਨ ਪਈ ਖਾਲੀ ਥਾਂ ਵਿੱਚ ਸਿਰਫ਼ ਫ਼ਲੀਦਾਰ ਫ਼ਸਲਾਂ ਜਿਵੇਂ ਕਿ ਲੋਬੀਆ, ਗੁਆਰਾ, ਛੋਲੇ, ਬੀਨਜ਼ ਆਦਿ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਪਹਿਲੇ ਤਿੰਨ-ਚਾਰ ਸਾਲਾਂ ਵਿੱਚ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਭਿੰਡੀ, ਬੈਂਗਣ ਆਦਿ ਬੀਜੀਆਂ ਜਾ ਸਕਦੀਆਂ ਹਨ ।

### ਨਦੀਨਾਂ ਦੀ ਰੋਕਥਾਮ

ਬਰਸਾਤੀ ਫ਼ਸਲ ਲਈ ਮਾਰਚ ਦੇ ਪਹਿਲੇ ਪੰਦਰਵਾੜੇ ਅਤੇ ਸਿਆਲੂਫ਼ਸਲ ਲਈ ਸਤੰਬਰ ਦੇ ਪਹਿਲੇ ਪੰਦਰਵਾੜੇ ਜਦੋਂ ਖੇਤ ਨਦੀਨ ਰਹਿਤ ਹੁੰਦਾ ਹੈ, ਨਦੀਨ ਉੱਗਣ ਤੋਂ ਪਹਿਲਾਂ ਹੈਕਸੂਰੋਨ 80 ਘੁਲਣਸ਼ੀਲ (ਡਾਈਯੂਰਾਨ) 1.6 ਕਿਲੋ ਪ੍ਰਤੀ ਏਕੜ ਦਾ ਛਿੜਕਾਅ ਕੀਤਾ ਜਾ ਸਕਦਾ ਹੈ । ਗਲਾਈਸਲ 41 ਐਸ ਐਲ (ਗਲਾਈਫੋਸੇਟ) 1.6 ਲਿਟਰ ਪ੍ਰਤੀ ਏਕੜ ਦਾ ਮਾਰਚ ਦੇ ਦੂਜੇ ਪੰਦਰਵਾੜੇ ਬਰਸਾਤੀ ਫ਼ਸਲ ਲਈ ਅਤੇ ਸਤੰਬਰ ਦੇ ਦੂਜੇ ਪੰਦਰਵਾੜੇ ਸਿਆਲੂ ਫ਼ਸਲ ਲਈ ਨਦੀਨ ਉੱਗਣ ਤੋਂ ਪਿੱਛੋਂ ਜਦੋਂ ਨਦੀਨ ਕਾਫ਼ੀ ਵੱਧ ਰਹੇ ਹੋਣ ਪਰ ਫੁੱਲ ਨਾ ਪਏ ਹੋਣ ਅਤੇ 15-20 ਸੈਂਟੀਮੀਟਰ ਉੱਚੇ ਹੋ ਜਾਣ, ਛਿੜਕਣ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਦਵਾਈਆਂ ਨੂੰ 200 ਲਿਟਰ ਪਾਣੀ ਵਿੱਚ ਘੋਲੋ ਜੋ ਇੱਕ ਏਕੜ ਛਿੜਕਾਅ ਲਈ ਕਾਫ਼ੀ ਹਨ । ਗਲਾਈਸਲ ਦਾ ਛਿੜਕਾਅ ਸ਼ਾਂਤ ਦਿਨ (ਜਦ ਹਵਾ ਨਾ ਚੱਲਦੀ ਹੋਵੇ) ਕਰੋ ਤਾਂ ਕਿ ਦਵਾਈ ਦੇ ਕਣ ਫ਼ਲਦਾਰ ਬੂਟਿਆਂ ਉੱਤੇ ਨਾ ਪੈਣ ।

### ਫ਼ਸਲ ਸੁਧਾਰ

ਅਮਰੂਦ ਸਾਲ ਵਿੱਚ ਦੋ ਫ਼ਸਲਾਂ ਦਿੰਦਾ ਹੈ । ਸਰਦੀਆਂ ਦੀ ਫ਼ਸਲ ਦਾ ਫ਼ਲ ਗਰਮੀਆਂ ਦੀ ਰੁੱਤ ਦੇ ਫ਼ਲ ਨਾਲੋਂ ਗੁਣਾਂ ‘ਚ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਬਰਸਾਤ ਦੇ ਮੌਸਮ ਵਿੱਚ ਫ਼ਲਾਂ ਉੱਤੇ ਫ਼ਲ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ । ਸਾਲ ਵਿੱਚ ਕੇਵਲ ਸਰਦੀਆਂ ਦੀ ਫ਼ਸਲ ਲੈਣ ਲਈ ਹੇਠ ਲਿਖੇ ਢੰਗ ਅਪਨਾਉ :

1. ਯੂਰੀਆ 10% ਜਾ ਨੈਫਥਲੀਨ ਏਸਟਿਕ ਏਸਿਡ (ਐਨ ਏ ਏ) 600 ਮਿਲੀਗ੍ਰਾਮ ਪ੍ਰਤੀ ਲਿਟਰ ਦਾ ਮਈ ਮਹੀਨੇ ਜਦੋਂ ਭਰਪੂਰ ਫੁੱਲ ਖਿੜੇ ਹੋਣ, ਛਿੜਕਾਅ ਕਰੋ। ਇੱਕ ਦਰਖਤ ਲਈ 10-12 ਲਿਟਰ ਪਾਣੀ ਚਾਹੀਦਾ ਹੈ ਭਾਵ ਕਿ 1000 ਲਿਟਰ ਪਾਣੀ ਪ੍ਰਤੀ ਏਕੜ । ਇਹ ਘੋਲ ਬਨਾਉਣ ਲਈ ਐਨ ਏ ਏ 600 ਗ੍ਰਾਮ 1500-2000 ਮਿਲੀਲਿਟਰ ਅਲਕੋਹਲ ‘ਚ ਘੋਲ ਕੇ 1000 ਲਿਟਰ ਪਾਣੀ ‘ਚ ਮਿਲਾਉ ।
2. ਟਹਿਣੀਆਂ ਦੇ ਸਿਰੇ 20-30 ਸੈਂਟੀਮੀਟਰ ਤੱਕ 20-30 ਅਪ੍ਰੈਲ ਦੌਰਾਨ ਕੱਟ ਦਿਉ । ਬਰਸਾਤੀ ਫ਼ਸਲ ਬਿਲਕੁਲ ਨਾ ਲਉ ।
3. ਅਪ੍ਰੈਲ-ਮਈ ਦੌਰਾਨ ਪਾਣੀ ਬੰਦ ਕਰ ਦਿਉ ।
4. ਜੂਨ ਦੇ ਮਹੀਨੇ ਖਾਦਾਂ ਪਾਉ ਤਾਂ ਜੋ ਜੁਲਾਈ-ਅਗਸਤ ਵਿੱਚ ਬੂਟੇ ਦਾ ਵਾਧਾ ਹੋਵੇ ਅਤੇ ਇਸ ਨਾਲ ਅਗਸਤ-ਸਤੰਬਰ ਦੇ ਮਹੀਨੇ ਸਰਦੀਆਂ ਦੀ ਫ਼ਸਲ ਲਈ ਵੱਧ ਤੋਂ ਵੱਧ ਫ਼ਲ ਪੈ ਸਕਣ ।

### ਫ਼ਲਾਂ ਦੀ ਪਕਾਈ ਅਤੇ ਤੁੜਾਈ

ਅਮਰੂਦ ਦਾ ਫ਼ਲ ਤੁੜਾਈ ਉਪਰੰਤ ਪੱਕਣ ਵਾਲਾ ਫ਼ਲ ਹੈ ਅਤੇ ਫ਼ਲ ਜਦੋਂ ਤਿਆਰ ਪਰ ਸਖਤ ਹੋਵੇ ਤੋੜੋ । ਪੱਕਣ ਤੇ ਫ਼ਲ ਦਾ ਰੰਗ ਗੂੜ੍ਹੇ ਹਰੇ ਤੋਂ ਹਲਕੇ ਪੀਲੇ ਰੰਗ ‘ਚ ਬਦਲ ਜਾਂਦਾ ਹੈ । ਫ਼ਲ ਨੂੰ ਕਦੇ ਵੀ ਬੂਟੇ ਤੇ ਵਧੇਰੇ ਪੱਕਣ ਨਾ ਦਿਉ । ਇਸ ਤਰ੍ਹਾਂ ਇਨ੍ਹਾਂ ਦੀ ਗੁਣਵਤਾ ਖਰਾਬ ਹੋ ਜਾਂਦੀ ਹੇ ਅਤੇ ਪੰਛੀ ਵੀ ਜ਼ਿਆਦਾ ਨੁਕਸਾਨ ਕਰਦੇ ਹਨ । ਕਈ ਵਾਰ ਅਕਸਰ ਫ਼ਲਾਂ ਦੇ ਨਾਲ ਕੁਝ ਪੱਤੇ ਜਾਂ ਛੋਟੀਆਂ ਟਹਿਣੀਆਂਰੱਖ ਲਈਆਂ ਜਾਂਦੀਆਂ ਹਨ । ਪ੍ਰੰਤੂ ਇਸ ਵਿਧੀ ਨਾਲ ਫ਼ਲ ਵਿਚਲੀ ਨਮੀ ਵਧੇਰੇ ਉਡਦੀ ਹੈ ਅਤੇ ਨਾਲ ਦੇ ਫ਼ਲਾਂ ਨੂੰ ਦਾਗੀ ਕਰ ਦਿੰਦੀ ਹੈ ਅਤੇ ਫ਼ਲਾਂ ਦਾ ਗਲਣਾ ਵੱਧ ਜਾਂਦਾ ਹੈ ।

### ਤੁੜਾਈ ਉਪਰੰਤ ਸੰਭਾਲ

ਅਮਰੂਦ ਇੱਕ ਬਹੁਤ ਹੀ ਨਾਜ਼ੁਕ ਫ਼ਲ ਹੈ ਅਤੇ ਤੁੜਾਈ ਉਪਰੰਤ ਇਸ ਦਾ ਮੰਡੀਕਰਣ ਤੁਰੰਤ ਕਰਨਾ ਚਾਹੀਦਾ ਹੈ । ਤੋੜੇ ਹੋਏ ਫ਼ਲ ਸਾਫ ਕਰਕੇ, ਦਰਜਾ-ਬੰਦੀ ਕਰਕੇ 4-10 ਕਿਲੋ ਆਕਾਰ ਦੇ ਕੋਰੂਗੇਟਿਡ ਫਾਈਬਰ ਬੋਰਡ ਕਾਰਟਨ ਜਾਂ ਵੱਖਵੱਖ ਆਕਾਰ ਦੀਆਂ ਬਾਂਸ ਦੀਆਂ ਟੋਕਰੀਆਂ ਵਿੱਚ ਪੈਕ ਕਰਨੇ ਚਾਹੀਦੇ ਹਨ । ਅਮਰੂਦ ਦੇ ਫ਼ਲ ਜਦੋਂ ਸਹੀ ਪਕਾਈ ਤੇ ਤੋੜੇ ਗਏ ਹੋਣ ਤਾਂ ਮੋਰੀਆਂ ਕੀਤੇ ਮੋਮੀ ਲਿਫਾਫਿਆਂ ‘ਚ ਕਮਰੇ ਦੇ ਤਾਪਮਾਨ ਤੇ ਇੱਕ ਹਫ਼ਤਾ ਅਤੇ ਕੋਰੂਗੇਟਿਡ ਫਾਈਬਰ ਬੋਰਡ ਕਾਰਟਨਾਂ ‘ਚ ਪੈਕ ਕਰਕੇ ਕੋਲਡ ਸਟੋਰਾਂ (ਤਾਪਮਾਨ 0-3.3 ਡਿਗਰੀ ਸੈਂਟੀਗਰੇਡ ਅਤੇ ਨਮੀ 85-90%) ਵਿੱਚ ਤਿੰਨ ਹਫ਼ਤਿਆਂ ਲਈ ਰੱਖੇ ਜਾ ਸਕਦੇ ਹਨ ।

# ਪੌਦ ਸੁਰੱਖਿਆ

## ੳ) ਕੀੜੇ :

| ਕੀੜੇ ਅਤੇ ਉਨ੍ਹਾਂ ਦੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| **ਫ਼ਲ ਦੀਆਂ ਮੱਖੀਆਂ :** ਇਹ ਅਮਰੂਦ ਦਾ ਆਮ ਤੇ ਹਾਨੀਕਾਰਕ ਕੀੜਾ ਹੈ । ਇਹ ਵੱਖ-ਵੱਖ ਫ਼ਲਾਂ ਨੂੰ ਖਾਂਦਾ ਹੈ । ਇਸ ਦਾ ਵਾਧਾ ਬੜੀ ਤੇਜ਼ੀ ਨਾਲ ਵਾਧਾ ਹੁੰਦਾ ਹੈ। ਫ਼ਲ ਦੀ ਮੱਖੀ ਫ਼ਲਾਂ ਦੇ ਰੰਗ ਬਦਲਣ ਸਮੇਂ ਨਰਮ ਛਿਲਕੇ ਤੇ ਆਂਡੇ ਦਿੰਦੀ ਹੈ। ਆਂਡਿਆਂ ‘ਚੋਂ ਬੱਚੇ ਨਿੱਕਲਣ ਤੋਂ ਬਾਅਦ ਇਹ ਫ਼ਲਾਂ ‘ਚ ਛੇਕ ਕਰਦੇ ਹਨ ਅਤੇ ਨਰਮ ਗੁੱਦਾ ਖਾਂਦੇ ਹਨ । ਹਮਲੇ ਵਾਲੇ ਫ਼ਲ ਧੱਸੇ ਹੋਏ ਤੇ ਕਾਲੇ ਹਰੇ ਮੋਰੀਆਂ ਵਾਲੇ ਦਿਸਦੇ ਹਨ । ਜਦ ਕੱਟ ਕੇ ਫ਼ਲ ਦੇਖੀਏ ਤਾਂ ਕੀੜੇ ਦੀਆਂ ਸੁੰਡੀਆਂ<br>ਨਜ਼ਰ ਆਉਂਦੀਆਂ ਹਨ । ਖਰਾਬ ਫ਼ਲ ਗਲ਼ ਕੇ ਹੇਠਾਂ ਡਿੱਗ ਪੈਂਦੇ | 1. ਉਨ੍ਹਾਂ ਬਾਗਾਂ ਜਿੱਥੇ ਫ਼ਲ ਦੀ ਮੱਖੀ ਦਾ ਹਮਲਾ ਪਹਿਲਾਂ ਤੋਂ ਹੀ ਗੰਭੀਰ ਹੁੰਦਾ ਹੈ, ਉੱਥੇ ਵਰਖਾ ਰੁੱਤ ਦੀ ਫ਼ਸਲ ਨਹੀਂ ਲੈਣੀ ਚਾਹੀਦੀ ।<br>2. ਬੂਟੇ ਤੇ ਪੱਕੇ ਹੋਏ ਫ਼ਲ ਨਾ ਰਹਿਣ ਦਿਉ ।<br>3. ਮੱਖੀ ਦੇ ਹਮਲੇ ਵਾਲੇ ਡਿੱਗੇ ਹੋਏ ਫ਼ਲਾਂ ਨੂੰ ਲਗਾਤਾਰ ਚੁਣ ਕੇ ਜ਼ਮੀਨ ਵਿੱਚ ਘੱਟੋ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦੇਣਾ ਚਾਹੀਦਾ ਹੈ<br>4. ਫ਼ਸਲ ਦੀ ਤੁੜਾਈ ਦੇ ਤੁਰੰਤ ਬਾਅਦ ਬਾਗ ਦੀ 4-6 ਸੈਂਟੀਮੀਟਰ ਤਕੱ ਕਲਟੀਵਟੇ ਰ ਨਾਲ ਹਲਕੀ ਵਹਾਈ ਕਰਨੀ |

| | |
|---|---|
| ਹਨ । ਕੀੜੇ ਦਰਖਤ ਹੇਠ ਜ਼ਮੀਨ ਵਿਚ ਪਲਦੇ ਰਹਿੰਦੇ ਹਨ ।<br>  | ਚਾਹੀਦੀ ਹੈ ਤਾਂ ਜੋ ਮੱਖੀ ਦੀਆਂ ਸੁੰਡੀਆਂ ਨੰਗੀਆਂ ਹੋ ਕੇ ਮਰ ਜਾਣ ।<br>5. ਜੁਲਾਈ ਦੇ ਵਿੱਚ ਜਦੋਂ ਫ਼ਲ ਪੱਕਣੇ ਸ਼ੁਰੂ ਹੋ ਜਾਂਦੇ ਹਨ ਤਾਂ ਉਸ ਵਕਤ ਹਫ਼ਤੇ-ਹਫ਼ਤੇ ਬਾਅਦ 1250 ਮਿਲੀਲਿਟਰ ਸਮੁੀਸੀਡੀਨ 20 ਈ ਸੀ (ਫੈਨਵੈਲਰੇਟ) 500 ਲਿਟਰ ਪਾਣੀ ਵਿੱਚ ਪਾ ਕੇ ਛਿੜਕਣੀ ਚਾਹੀਦੀ ਹੈ ਅਤੇ ਇਸ ਦਾ ਛਿੜਕਾਅ ਬਰਸਾਤੀ ਫ਼ਸਲ ਖਤਮ ਹੋਣ ਤੱਕ ਜਾਰੀ ਰੱਖਣਾ ਚਾਹੀਦਾ ਹੈ । ਛਿੜਕਾਅ ਤੋਂ ਤਿੰਨ ਦਿਨ ਬਾਅਦ ਫ਼ਲ ਤੋੜਨੇ ਚਾਹੀਦੇ ਹਨ ।<br>6. ਫਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਮਈ ਦੇ ਪਹਿਲੇ ਹਫਤੇ ਪੀ ਏ ਫ਼ਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਉ। |
| **2. ਟਹਿਣੀ ਦਾ ਗੜੂੰਆਂ :** ਇਹ ਨਰਸਰੀ ਦਾ ਹਾਨੀਕਾਰਕ ਕੀੜਾ ਹੈ । ਇਹ ਨਰਸਰੀ/ਜਵਾਨ ਬੂਟਿਆਂ ਦੀਆਂ ਨਾਜ਼ੁਕ ਟਹਿਣੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ । ਲਾਰਵਾ ਬੂਟੇ ਦੇ ਤਣੇ ਤੇ ਗੈਲਰੀ ਬਣਾਉਂਦਾ ਹੈ ਜਿਸ ਕਾਰਨ ਬੂਟੇ ਦੀ ਗੁਣਵਤਾ ਘਟ ਜਾਂਦੀ ਹੈ ਕਿਉਂਕਿ ਖਰਾਬ ਹਿੱਸੇ ਹੇਠਲੀਆਂ ਅੱਖਾਂ ਪਾਸੇ ਦੀਆਂ ਟਹਿਣੀਆਂ ਪੈਦਾ ਕਰਦੀਆਂ ਹਨ ਅਤੇ ਬੂਟਾ ਝਾੜੀ ਦੀ ਸ਼ਕਲ ਦਾ ਦਿਸਣ ਲੱਗਦਾ ਹੈ । ਖਰਾਬ ਟਹਿਣੀਆਂ ਸੁੱਕ ਜਾਦੀਆਂ ਹਨ ਅਤੇ ਹਮਲੇ ਵਾਲੀ ਜਗ੍ਹਾ ਦੇ ਹੇਠਾਂ ਪੱਤਿਆਂ/ਟਹਿਣੀਆਂ ਤੇ ਬਰੀਕ ਕਾਲਾ ਬੂਰਾ ਦਿਸਣ ਕਰਕੇ ਦੂਰੋਂ ਹੀ ਨਜ਼ਰ ਆਉਣ ਲੱਗਦਾ ਹੈ ।<br>  | ਇਸ ਦੀ ਰੋਕਥਾਮ ਲਈ ਬੂਟਿਆਂ ਤੇ 500 ਮਿਲੀਲਿਟਰ ਡਰਮਟ 20 ਈ ਸੀ (ਕਲੋਰਪਾਈਰੀਫ਼ਾਸ) ਜਾਂ 400 ਮਿਲੀਲਿਟਰ ਏਕੋਲਕਸ 25 ਈ ਸੀ (ਕੁਇਨਲਫ਼ਾਸ) ਪ੍ਰਤੀ ਏਕੜ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ । |
| **3. ਮਿਲੀ ਬੱਗ :** ਅਮਰੂਦ ਤੇ ਚਾਰ ਜਾਤੀਆਂ ਜਿਵੇਂ ਕਿ ਫ਼ੈਰੀਸੀਆ ਵਿਰਗਾਟਾ, ਪਲੈਨੋਕੋਕਸ ਸਿਟਰਾਈ, ਪਲੈਨੋਕੋਕਸ ਲੀਲੈਕੀਨਸ ਅਤੇ ਨਿਪੀਕਕੋ ਸ ਵਿਰੀਡਿਸ ਹਮਲਾ ਕਰਦੀਆਂ ਹਨ। ਇਨ੍ਹਾਂ ਵਿਚੋਂ ਫੈਰੀਸੀਆ ਵਿਰਗਾਟਾ ਜੂਨ ਤੋਂ ਅਕਤੂਬ ਰ ਤਕੱ ਅਮਰਦੂ ਦੇ ਬਾਗਾਂ ਵਿਚੱ ਸਰਗਰਮ ਰਹਿੰਦੀ ਹੈ ਜਦੋਂ ਕਿ ਬਾਕੀ ਕਿਸਮਾਂ ਜੁਲਾਈ ਤੋਂ ਅਕਤੂਬਰ ਤੱਕ ਸਰਗਰਮ ਰਹਿੰਦੀਆਂ ਹਨ । ਫ਼ੈਰੀਸੀਆ, ਪਲੈਨੋਕੋਕਸ ਸਿਟਰਾਈ ਅਤੇ ਪਲੈਨੋਕੋਕਸ ਲੀਲੈਕੀਨਸ ਨਾਲੋਂ ਵਧੇਰੇ ਨੁਕਸਾਨ ਕਰਦੀ ਹੈ ਜਦਕਿ ਨਿਪੀਕੋਕਸ ਵਿਰੀਡਿਸ ਦਾ ਹਮਲਾ ਗੰਭੀਰ ਨਹੀਂ ਹੁੰਦਾ । ਮਿਲੀ ਬੱਗ ਦੇ ਬੱਚੇ ਪੱਤਿਆਂ, ਨਰਮ ਸ਼ਾਖਾਵਾਂ, ਟਹਿਣੀਆਂ ਅਤੇ ਫ਼ਲਾਂ ਚੋਂ ਰਸ ਚੂਸ ਕੇ ਨੁਕਸਾਨ ਪਹੁੰਚਾਉਂਦੇ ਹਨ। ਇਨ੍ਹਾਂ ਦੇ ਮਿੱਠੇ ਮਲ-ਮੂਤਰ ਤੇ ਕਾਲੀ ਉੱਲੀ ਜੰਮ ਜਾਂਦੀ ਹੈ ਜਿਸ ਕਰਕੇ ਹਮਲੇ ਹੇਠ ਆਏ ਬੂਟੇ ਦੇ ਵੱਖ-ਵੱਖ ਹਿੱਸੇ ਕਾਲੀ ਭਾਅ ਜਿਹੀ ਮਾਰਦੇ ਹਨ। ਇਹ ਸਾਰੀਆਂ ਜਾਤੀਆਂ ਸਿਆਲੀ ਨੀਂਦਰ ਲਈ ਨਰਮ ਸ਼ਾਖਾਵਾਂ ਤੇ ਟਹਿਣੀਆਂ ਤੇ ਚਲੀਆਂ ਜਾਂਦੀਆਂ ਹਨ । | 1. ਮਿਲੀ ਬੱਗ ਦੇ ਹਮਲੇ ਤੇ ਨਿਗਾਹ ਰੱਖਣ ਲਈ ਸਮੇਂ-ਸਮੇਂ ਤੇ ਪੱਤਿਆਂ ਦੇ ਹੇਠਲੇ ਪਾਸੇ, ਨਰਮ ਸ਼ਾਖਾਵਾਂ, ਜ਼ਮੀਨ ਨਾਲ ਛੂੰਹਦੀਆਂ ਟਹਿਣੀਆਂ ਤੇ ਫ਼ਲਾਂ ਦੀ ਜਾਂਚ ਕਰਦੇ ਰਹੋ ।<br>2. ਬਾਗਾਂ ਨੂੰ ਸਾਫ਼ ਸੁਥਰਾ ਰੱਖਣ ਲਈ ਨਦੀਨਾਂ ਅਤੇ ਘਾਹ ਦੀ ਰੋਕਥਾਮ ਕਰੋ ।<br>3. ਦਰਖਤ ਦੀਆਂ ਟਹਿਣੀਆਂ ਦੀ ਕਾਂਟ-ਛਾਂਟ ਇਸ ਢੰਗ ਨਾਲ ਕਰੋ ਕਿ ਉਹ ਜ਼ਮੀਨ ਨੂੰ ਨਾ ਲੱਗਣ ।<br>4. ਹਮਲੇ ਹੇਠ ਆਈਆਂ ਟਹਿਣੀਆਂ ਨੂੰ ਕੱਟ ਕੇ ਨਸ਼ਟ ਕਰੋ ।<br>5. ਬਾਗਾਂ 'ਚੋਂ ਕੀੜੀਆਂ/ਕਾਢਿਆਂ ਦੇ ਭੌਣ ਨਸ਼ਟ ਕਰੋ ।<br>6. ਕੀੜੇ ਨਜ਼ਰ ਆਉਂਦੇ ਸਾਰ ਹੀ 1875 ਮਿ.ਲਿ. ਡਰਮਟ/ਡਰਸਬਾਨ/ਕੋਰੋਬਾਨ/ਮਾਸਬਾਨ 20 ਈ ਸੀ (ਕਲਰੋ ਪਾਈਰੀਫਾਸ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਭਰਵਾਂ ਛਿੜਕਾਅ ਕਰੋ ਕਿ ਸਾਰਾ ਦਰਖਤ ਪੂਰੀ ਤਰ੍ਹਾਂ ਕੀਟਨਾਸ਼ਕ ਜ਼ਹਿਰ ਨਾਲ ਗਿੱਲਾ ਹੋ ਜਾਵੇ । ਦੂਜਾ ਛਿੜਕਾਅ ਉਸ ਤੋਂ 15 ਦਿਨ ਬਾਅਦ ਕਰੋ ।ਇਹ ਕੰਮ ਜੂਨ ਤੋਂ ਸ਼ੁਰੂ ਕਰੋ । |

| | |
|---|---|
|   | |

## ਅ) ਬਿਮਾਰੀਆਂ :

| ਬਿਮਾਰੀਆਂ ਅਤੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| 1. ਮੁਰਝਾਉਣਾ : ਇਸ ਰੋਗ ਦੇ ਚਿੰਨ ਬੂਟਿਆਂ ਦੇ ਮੁੱਢਾਂ ਉੱਤੇ ਉੱਲੀ ਨਾਲ ਹਮਲਾ ਹੋ ਜਾਣ ਤੋਂ ਕਈ ਮਹੀਨੇ ਬਾਅਦ ਪ੍ਰਗਟ ਹੁੰਦੇ ਹਨ । ਟਾਹਣੀਆਂ ਰੋਡੀਆਂ ਹੋ ਜਾਂਦੀਆਂ ਹਨ । ਪੱਤੇ ਵਿਰਲੇ ਤੇ ਪੀਲੇ ਹੋ ਕੇ ਮੁਰਝਾ ਜਾਦੇ ਹਨ । ਜੜਾਂ ਦੀ ਛਿੱਲ ਤੇ ਲੱਕੜ ਵਿਚਕਾਰਲੀ ਥਾਂ ਦਾ ਰੰਗ ਬਦਲ ਜਾਂਦਾ ਹੈ। ਦੁਬਾਰਾ ਲਾਏ ਬੂਟੇ ਇਸ ਰੋਗ ਨਾਲ ਮਰਨ ਤੋਂ ਕੁਝ ਵਰ੍ਹੇ ਪਹਿਲਾਂ ਫ਼ਲ ਦਿੰਦੇ ਹਨ ।  | ੳ) ਮਿੱਟੀ ਨੂੰ 2% ਫਾਰਮਾਲੀਨ ਦੇ ਘੋਲ ਨਾਲ ਗਿੱਲੀ ਕਰਕੇ ਉੱਪਰੋਂ ਸਰਕੰਡੇ ਜਾਂ ਗਿੱਲੀਆਂ ਬੋਰੀਆਂ ਨਾਲ ਢੱਕ ਦਿਉ । ਮਿੱਟੀ ਨੂੰ 14 ਦਿਨ ਧਪੁੱ ਲੁਆਉ ਤੇ ਫਿਰ ਅਮਰੂਦ ਦੇ ਸਿਹਤਮੰਦ ਬੂਟੇ ਲਾਉ ।<br>ਅ) ਅਮਰੂਦ ਦੇ ਬੂਟੇ ਚੰਗੇ ਜਲ ਨਿਕਾਸ ਵਾਲੀ ਜ਼ਮੀਨ ਵਿੱਚ ਲਾਉ । ਜ਼ਮੀਨ ਬਹੁਤੀ ਭਾਰੀ ਨਾ ਹੋਵੇ ਤਾਂ ਚੰਗਾ ਹੈ ।<br>ੲ) ਸਾਰੇ ਰੋਗੀ ਬੂਟਿਆਂ ਨੂੰ ਜੜੋਂ ਪੁੱਟ ਕੇ ਸਾੜ ਦਿਉ ।<br>ਸ) ਪਿਉਂਦੀ ਬੂਟਿਆਂ ਲਈ ਸਰਦਾਰ ਕਿਸਮ ਦੇ ਜੜ-ਮੁੱਢ ਦੀ ਵਰਤੋਂ ਕਰੋ । |
| 2. ਫ਼ਲ ਦਾ ਗਲਣਾ/ਟਾਹਣੀਆਂ ਸੁੱਕਣਾ : ਪੱਕੇ ਰਸੇ ਫ਼ਲ ਤੇ ਇਸ ਉੱਲੀ ਦਾ ਹਮਲਾ ਵਧੇਰੇ ਹੰਦੁਾ ਹੈ ।ਫ਼ਲਾਂ ਉੱਪਰ ਜ਼ਰਾ ਕੁ ਚਿੱਬ ਵਾਲੇ, ਡੂੰਘੇ ਗੋਲਭੂਰੇ ਰੰਗ ਦੇ ਚਟਾਖ਼ ਪੈ ਜਾਂਦੇ ਹਨ । ਦਾਗ ਦੇ ਦਰਮਿਆਨ ਵਿੱਚ ਗੁਲਾਬੀ ਰੰਗ ਦੇ ਚਿਪਕਵੇਂ ਜਿਹੇ ਕਿਟਾਣੂ ਜਮ੍ਹਾਂ ਹੋ ਜਾਂਦੇ ਹਨ । ਫ਼ਲ 2-3 ਦਿਨਾਂ ਵਿੱਚ ਹੀ ਪੂਰਾ ਗਲ-ਸੜ ਜਾਂਦਾ ਹੈ । ਇਹ ਉੱਲੀ ਬਰਸਾਤ ਵਿੱਚ ਛੋਟੇ ਬੂਟਿਆਂ ਦੀਆਂ ਸ਼ਾਖ਼ਾਂ ਤੇ ਪੱਤਿਆਂ ਉੱਪਰ ਵੀ ਹਮਲਾ ਕਰਦੀ ਹੈ। ਇਸ ਵੱਜੋਂ ਕਰੂੰਬਲਾਂ ਸੁੱਕ ਜਾਦੀਆਂ ਹਨ।   | ੳ) ਬੂਟਿਆਂ ਦੇ ਦੌਰਾਂ ਵਿੱਚ ਮੀਂਹ ਜਾਂ ਸਿੰਚਾਈ ਦਾ ਪਾਣੀ ਖੜ੍ਹਾ ਨਾ ਰਹਿਣ ਦਿਉ ।<br>ਅ) ਰੋਗੀ ਫ਼ਲ ਤੇ ਸੁੱਕੀਆਂ ਸ਼ਾਖਾਂ ਕੱਟ ਸੁੱਟੋ । ਇਸ ਪਿੱਛੋਂ ਬੂਟਿਆਂ ਉੱਪਰ 300 ਗ੍ਰਾਮ ਬਲਾਈਟੌਕਸ ਜਾਂ ਕੈਪਟਾਨ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ । ਫ਼ਲ ਪੈਣ ਸਮੇਂ ਇਹ ਛਿੜਕਾਅ ਫਿਰ ਕਰੋ ਤੇ 10-15 ਦਿਨਾਂ ਦਾ ਵਕਫ਼ਾ ਪਾ ਕੇ ਇਹ ਛਿੜਕਾਅ ਕਰੋ ।<br>ੲ) ਗਲੇ ਫ਼ਲਾਂ ਨੂੰ ਧਰਤੀ ਹੇਠ ਡੂੰਘੇ ਦੱਬ ਦਿਉ।<br>ਸ) ਫ਼ਲਾਂ ਨੂੰ ਸੱਟ/ਚੋਟ ਤੋਂ ਬਚਾਉ । |

# ਕਿੰਨੋ

**ਕਿੰਨੋ :** ਇਹ ਪ੍ਰਾਂਤ ਦਾ ਮਹੱਤਵਪੂਰਨ ਫ਼ਲ ਹੈ । ਫ਼ਲ ਆਕਾਰ ਵਿੱਚ ਦਰਮਿਆਨਾ, ਸ਼ਕਲ ਵਿੱਚ ਗਲੋਬ ਵਰਗਾ ਅਤੇ ਬੈਠਵਾਂ ਜਿਹਾ । ਪੱਕਣ ਸਮੇਂ ਛਿੱਲ ਸੁਨਹਿਰੀ ਅਤੇ ਸੰਗਤਰੀ ਰੰਗ ਦੀ, ਖਟਾਸ ਥੋੜ੍ਹੀ, ਮਿਠਾਸ ਤੇ ਖਟਾਸ ਵਧੀਆ ਰਲੀ ਹੋਈ, ਸੁਗੰਧ ਕਾਫ਼ੀ ਜ਼ਿਆਦਾ ਅਤੇ ਬੀਜ 12 ਤੋਂ 25 ਹੁੰਦੇ ਹਨ । ਇਹ ਕਿਸਮ ਜਨਵਰੀ ਵਿੱਚ ਪੱਕ ਜਾਦੀ ਹੈ ਅਤੇ ਫਲ ਘੱਟ ਝੱੜਦਾ ਹੈ ।

### ਬੂਟੇ ਲਗਾਉਣ ਦਾ ਸਮਾਂ

ਪੰਜਾਬ ਵਿੱਚ ਨਿੰਬੂ ਜਾਤੀ ਦੇ ਬੂਟੇ ਲਗਾਉਣ ਦੇ ਦੋ ਮੌਸਮ ਬਹਾਰ ਰੁੱਤ ਅਤੇ ਬਰਸਾਤ ਰੁੱਤ ਹਨ । ਬੂਟੇ ਲਗਾਉਣ ਲਈ ਬਹਾਰ ਰੁੱਤ ਦਾ ਸਮਾਂ 15 ਫਰਵਰੀ ਤੋਂ ਸ਼ੁਰੂ ਹੋ ਕੇ 15 ਮਾਰਚ ਤੱਕ ਹੈ । ਬਰਸਾਤ ਰੁੱਤ ਦਾ ਸਮਾਂ ਅੱਧ ਅਗਸਤ ਤੋਂ ਅਕਤੂਬਰ ਦੇ ਅਖੀਰ ਤੱਕ ਹੈ । ਪਰ ਨਿੰਬੂ ਜਾਤੀ ਦੇ ਬੂਟੇ ਆਮ ਤੌਰ ਤੇ ਉਸ ਸਮੇਂ ਲਾਏ ਜਾਂਦੇ ਹਨ ਜਦੋਂ ਬਰਸਾਤਾਂ ਹੋਣ ਅਤੇ ਮੌਸਮ ਕਾਫੀ ਠੰਢਾ ਹੋ ਚੁੱਕਾ ਹੋਵੇ । ਇਸ ਤੋਂ ਇਲਾਵਾ ਕਿੰਨੋ ਦੇ ਬੂਟੇ ਦਸੰਬਰ-ਜਨਵਰੀ ਤੱਕ ਨੰਗੀਆਂ ਜੜ੍ਹਾਂ ਨਾਲ (ਗਾਚੀ ਤੋਂ ਬਗੈਰ) ਲਾਏ ਜਾ ਸਕਦੇ ਹਨ । ਨਰਸਰੀ ਵਿੱਚੋਂ ਬੂਟੇ ਪੁੱਟਣ ਤੋਂ ਬਾਅਦ ਤਕਰੀਬਨ 1/4 ਹਿੱਸਾ ਪੱਤੇ ਲਾਹ ਦੇਣੇ ਚਾਹੀਦੇ ਹਨ ਅਤੇ ਜੜ੍ਹਾਂ ਨੂੰ ਸਿੱਲ੍ਹੀ ਪਰਾਲੀ ਆਦਿ ਵਿੱਚ ਲਪੇਟ ਦੇਣਾ ਚਾਹੀਦਾ ਹੈ ।

### ਸੁਧਾਈ ਤੇ ਕਾਂਟ-ਛਾਂਟ

ਨਿੰਬੂ ਜਾਤੀ ਦੇ ਫ਼ਲਾਂ ਦੀ ਕਾਂਟ-ਛਾਂਟ ਤੇਜ਼ ਵਾਧੇ ਸਮੇਂ ਨਹੀਂ ਕਰਨੀ ਚਾਹੀਦੀ। ਬੂਟਿਆਂ ਦੀ ਕਾਂਟ-ਛਾਂਟ ਫ਼ਲ ਤੋੜਨ ਤੋਂ ਬਾਅਦ ਸਰਦੀ ਦੇ ਅੰਤ ਜਾਂ ਬਹਾਰ ਦੇ ਸ਼ੁਰੂ ਵਿਚ ਕੀਤੀ ਜਾ ਸਕਦੀ ਹੈ । ਕਾਂਟ-ਛਾਂਟ ਸਮੇਂ ਆਪਸ ਵਿੱਚ ਫਸਦੀਆਂ ਟਾਹਣੀਆਂ ਕੱਟ ਦਿਉ । ਕੁਝ ਹੋਰ ਟਾਹਣੀਆਂ ਕੱਟ ਕੇ ਬੂਟੇ ਦੀ ਛਤਰੀ ਅੰਦਰ ਹਵਾ, ਧੁੱਪ ਜਾਣ ਦਾ ਚੰਗਾ ਪ੍ਰਬੰਧ ਕਰੋ ਤਾਂ ਕਿ ਬੂਟੇ ਦੀ ਛਤਰੀ ਦੇ ਅੰਦਰ ਵਾਲੀ ਲੱਕੜੀ ਤੇ ਵੀ ਫ਼ਲ ਆ ਜਾਵੇ । ਬੂਟੇ ਦੀਆਂ ਸੁੱਕੀਆਂ ਅਤੇ ਬਿਮਾਰ ਸ਼ਾਖਾਂ ਕੱਟ ਦਿਉ ਤਾਂ ਕਿ ਬਿਮਾਰੀ ਹੋਰ ਨਾ ਫੈਲੇ ।

### ਖਾਦਾਂ

| ਬੂਟੇ ਦੀ ਉਮਰ (ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਖਾਦਾਂ (ਗ੍ਰਾਮ ਪ੍ਰਤੀ ਬੂਟਾ) ਯੂਰੀਆ | ਸੁਪਰਫਾਸਫੇਟ |
|---|---|---|---|
| 1-3 | 10-30 | 240-270 | - |
| 4-7 | 40-80 | 960-1680 | 1375-2400 |
| 8 ਤੋਂ ਉੱਤੇ | 100 | 1920 | 2750 |

**ਜ਼ਿੰਕ ਦੀ ਘਾਟ :** ਨਵੇਂ ਪੂਰੇ ਵਧੇ ਹੋਏ ਪੱਤਿਆਂ ਉੱਤੇ ਰੰਗ-ਬਰੰਗੇ ਧੱਬੇ ਪੈ ਜਾਂਦੇ ਹਨ । ਸਿਰ ਦੇ ਪੱਤੇ ਛੋਟੇ ਅਤੇ ਨੇੜੇ-ਨੇੜੇ ਰਹਿ ਜਾਂਦੇ ਹਨ । ਫਲਾਂ ਵਾਲੀਆਂ ਅੱਖਾਂ ਬਹੁਤ ਘੱਟ ਜਾਂਦੀਆਂ ਹਨ । ਜ਼ਿੰਕ ਦੀ ਘਾਟ ਪੂਰੀ ਕਰਨ ਲਈ ਰੋਗੀ ਦਰੱਖਤਾਂ ਉੱਤੇ 0.3% ਜ਼ਿੰਕ ਸਲਫ਼ੇਟ ਦੇ ਘੋਲ ਦਾ ਛਿੜਕਾਅ ਕਰੋ । ਇਹ ਛਿੜਕਾਅ ਚੂਨੇ ਤੋਂ ਬਿਨਾਂ ਬਹਾਰ ਦੀ ਫੋਟ ਨੂੰ ਅਪ੍ਰੈਲ-ਮਈ ਵਿੱਚ, ਗਰਮੀਆਂ ਦੀ ਫੋਟ ਨੂੰ ਜੂਨ ਵਿੱਚ ਅਤੇ ਪਛੇਤੀ ਫੋਟ ਨੂੰ ਅਗਸਤ-ਸਤੰਬਰ ਵਿੱਚ ਕਰੋ । ਬਹੁਤ ਜ਼ਿਆਦਾ ਘਾਟ ਦੀਆਂ ਹਾਲਤਾਂ ਵਿੱਚ 0.45% ਚੂਨੇ ਤੋਂ ਬਗੈਰ ਜ਼ਿੰਕ ਸਲਫ਼ੇਟ ਦੇ ਘੋਲ ਦਾ ਛਿੜਕਾਅ ਕਰੋ। ਇਹ ਛਿੜਕਾਅ ਉਦੋਂ ਕਰਨਾ ਚਾਹੀਦਾ ਹੈ ਜਦੋਂ ਭਰਪੂਰ ਪੱਤੇ ਨਿੱਕਲੇ ਹੋਣ । ਆਮ ਕਰਕੇ ਜ਼ਿੰਕ ਦੀ ਘਾਟ, ਬੂਟੇ ਦੇ ਚੌਥੇ ਸਾਲ, ਪਹਿਲੇ ਫਲ ਦੇ ਪਿੱਛੋਂ ਆਉਂਦੀ ਹੈ । ਇਸ ਕਰਕੇ ਬੂਟੇ ਨੂੰ ਤੀਜੇ ਸਾਲ ਪਿੱਛੋਂ ਹਰ ਸਾਲ, ਅਪ੍ਰੈਲ ਦੇ ਮਹੀਨੇ 0.3% ਜ਼ਿੰਕ ਸਲਫ਼ੇਟ ਦੇ ਘੋਲ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ । ਬੋਰਡੋ ਮਿਸ਼ਰਣ ਅਤੇ ਜ਼ਿੰਕ ਸਲਫ਼ੇਟ ਦੇ ਛਿੜਕਾਵਾਂ ਦਾ ਆਪਸ ਵਿੱਚ ਇੱਕ ਹਫਤੇ ਦਾ ਫ਼ਰਕ ਜ਼ਰੂਰ ਰੱਖੋ।

### ਸਿੰਚਾਈ

ਨਵੇਂ ਲਾਏ ਬੂਟਿਆਂ ਨੂੰ 3-4 ਸਾਲਾਂ ਤੱਕ ਹਰ ਹਫ਼ਤੇ ਅਤੇ ਪੁਰਾਣੇ ਬੂਟਿਆਂ ਨੂੰ 2-3 ਹਫ਼ਤਿਆਂ ਪਿੱਛੋਂ ਮੌਸਮ, ਵਰਖਾ ਅਤੇ ਮਿੱਟੀ ਦੀ ਕਿਸਮ ਅਨੁਸਾਰ ਪਾਣੀ ਦੇਣਾ ਚਾਹੀਦਾ ਹੈ । ਫਰਵਰੀ ਵਿੱਚ ਕਰੂੰਬਲਾਂ ਫੁੱਟਣ ਤੋਂ ਪਹਿਲਾਂ ਅਪ੍ਰੈਲ ਵਿੱਚ ਫਲ ਲੱਗਣ ਤੋਂ ਬਾਅਦ ਅਤੇ ਗਰਮੀ ਦੇ ਮੌਸਮ ਵਿੱਚ ਸਿੰਚਾਈ ਕਰਨੀ ਅਤਿ ਜ਼ਰੂਰੀ ਹੈ, ਨਹੀਂ ਤਾਂ ਬੂਟਿਆਂ ਦੇ ਵਾਧੇ ਉੱਤੇ ਮਾੜਾ ਅਸਰ ਪੈਂਦਾ ਹੈ । ਸਿੱਟੇ ਵੱਜੋਂ ਬਹੁਤ ਸਾਰੇ ਫੁੱਲ ਝੜ ਜਾਂਦੇ ਹਨ ।

## ਕਿਨੋ ਵਿਚ ਡਰਿਪ ਸਿੰਚਾਈ

ਡਰਿਪ ਸਿੰਚਾਈ ਤਰੀਕੇ ਨਾਲ ਪਾਣੀ ਦਾ ਉਚਿਤ ਅਤੇ ਕਾਰਗਰ ਪ੍ਰਯੋਗ ਕਰਕੇ ਉਤਪਾਦਨ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ । ਅਲੱਗ-ਅਲੱਗ ਮਹੀਨਿਆਂ ਵਿਚ ਬੂਟੇ ਦੀ ਉਮਰ ਅਨੁਸਾਰ ਪਾਣੀ ਦੀ ਜ਼ਰੂਰਤ ਹੇਠਾਂ ਦਿੱਤੀ ਗਈ ਹੈ ।ਕਿਨੋ ਵਿਚ ਡਰਿਪ ਰਾਹੀ ਪਾਣੀ ਦੀ ਮਾਤਰਾ (ਲਿ./ਦਿਨ/ਬੂਟਾ)

| ਮਹੀਨਾ | ਬੂਟੇ ਦੀ ਉਮਰ (ਸਾਲ) | | | | |
|---|---|---|---|---|---|
| | 0-2 | 3-4 | 5-6 | 7-8 | 9 ਜਾਂ ਉਸ ਤੋਂ ਵੱਧ |
| ਜਨਵਰੀ | 3 | 6 | 9 | 12 | 15 |
| ਫ਼ਰਵਰੀ | 6 | 12 | 18 | 24 | 30 |
| ਮਾਰਚ | 9 | 18 | 27 | 36 | 45 |
| ਅਪ੍ਰੈਲ | 13 | 25 | 39 | 52 | 65 |
| ਮਈ | 16 | 32 | 48 | 64 | 80 |
| ਜੂਨ | 17 | 34 | 51 | 68 | 85 |
| ਜੁਲਾਈ | 13 | 26 | 39 | 52 | 65 |
| ਅਗਸਤ | 12 | 24 | 36 | 48 | 60 |
| ਸਤੰਬਰ | 11 | 22 | 33 | 44 | 55 |
| ਅਕਤੂਬਰ | 8 | 16 | 24 | 36 | 48 |
| ਨਵੰਬਰ | 5 | 10 | 15 | 20 | 25 |
| ਦਸੰਬਰ | 3 | 6 | 9 | 12 | 15 |

**ਨੋਟ :**

1. ਡਰਿਪ ਸਿੰਚਾਈ ਦੀ ਵਰਤੋਂ ਸਮੇਂ ਅੰਤਿਕਾ 2 ਵਿਚ ਦਿੱਤੀਆਂ ਗਈਆਂ ਹਦਾਇਤਾਂ ਦਾ ਪਾਲਣ ਕਰੋ ।
2. ਮੌਸਮ ਅਨੁਸਾਰ ਸਿੰਚਾਈ ਪਾਣੀ ਦੀ ਮਾਤਰਾ 10-15 ਪ੍ਰਤੀਸ਼ਤ ਘੱਟ ਵਧ ਹੋ ਸਕਦੀ ਹੈ।
3. ਡਿੱਗੀ ਵਿਚੋਂ ਨਹਿਰੀ ਪਾਣੀ ਚੁੱਕਣ ਵਾਸਤੇ ਬੂਸਟਰ ਪੰਪ ਜਿਹੜਾ ਕਿ 2 ਹਾਰਸ ਪਾਵਰ ਦੀ ਸੂਰਜੀ ਬਿਜਲੀ ਊਰਜਾ ਨਾਲ ਚਲਦਾ ਹੋਵੇ, 10 ਏਕੜ ਕਿੰਨੋ ਬਗੀਚੇ ਵਾਸਤੇ ਠੀਕ ਹੈ । ਪਰ 15 ਅਤੇ 25 ਏਕੜ ਦੇ ਬਗੀਚੇ ਵਾਸਤੇ ਕ੍ਰਮਵਾਰ 3 ਅਤੇ 5 ਹਾਰਸ ਪਾਵਰ ਦੀ ਮੋਟਰ ਨਾਲ ਬੂਸਟਰ ਪੰਪ ਦੀ ਲੋੜ ਹੈ ਜੋ ਪਾਣੀ ਚੁੱਕ ਸਕੇ । ਸ਼ੁਰੂ ਵਿਚ ਪ੍ਰਤੀ ਬੂਟਾ 1-2 ਡ੍ਰਿਪਰਾਂ ਦੀ ਲੋੜ ਹੁੰਦੀ ਹੈ ਜੋ ਬਾਅਦ ਵਿਚ ਮਿੱਟੀ ਦੀ ਕਿਸਮ ਅਤੇ ਬੂਟੇ ਦੀ ਉਮਰ ਅਨੁਸਾਰ 4-5 ਤੱਕ ਵਧਾਏ ਜਾ ਸਕਦੇ ਹਨ । ਪਾਣੀ ਦੇ ਸਹੀ ਉਪਯੋਗ ਵਾਸਤੇ ਹਰੇਕ ਬੂਟੇ ਦੇ ਦੁਆਲੇ ਡ੍ਰਿਪਰਾਂ ਦਾ ਪ੍ਰਯੋਗ ਇਕ ਚੱਕਰ (ਲੂਪ) ਵਿਚ ਕਰਨਾ ਜ਼ਿਆਦਾ ਲਾਹੇਵੰਦ ਹੁੰਦਾ ਹੈ ।

## ਬਾਗ ਵਿੱਚ ਹੋਰ ਫ਼ਸਲਾਂ ਦੀ ਕਾਸ਼ਤ

ਜਿਸ ਵੇਲੇ ਬੂਟਿਆਂ ਨੂੰ ਫਲ ਲੱਗਦਾ ਹੋਵੇ ਉਸ ਸਮੇਂ ਬਾਗ ਵਿੱਚ ਹੋਰ ਫ਼ਸਲਾਂ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ । ਜੇਕਰ ਬੂਟੇ ਛੋਟੇ ਹੋਣ ਅਤੇ ਫਲ ਲੱਗਣਾ ਸ਼ੁਰੂ ਨਾ ਹੋਇਆ ਹੋਵੇ ਤਾਂ ਫ਼ਲੀਦਾਰ ਫ਼ਸਲਾ ਜਿਵੇਂ ਕਿ ਮਟਰ, ਛੋਲੇ, ਮਾਂਹ, ਗੁਆਰਾ ਅਤੇ ਮੂੰਗੀ ਆਦਿ ਫ਼ਸਲਾਂ ਬੀਜੀਆਂ ਜਾ ਸਕਦੀਆਂ ਹਨ । ਗੁਆਰਾ-ਕਣਕ ਦਾ ਫ਼ਸਲ ਚੱਕਰ ਗੁਆਰੇ ਨੂੰ ਹਰੀ ਖਾਦ ਵੱਜੋਂ ਵਰਤ ਕੇ ਮਾਲਟੇ ਦੇ ਬਾਗ ਵਿੱਚ 5-6 ਸਾਲ ਚੱਲ ਸਕਦਾ ਹੈ ਪਰ ਫਿਰ ਵੀ ਬੂਟਿਆਂ ਦੇ ਵਧਣ ਲਈ ਜਗ੍ਹਾ ਛੱਡ ਦੇਣੀ ਚਾਹੀਦੀ ਹੈ । ਜਿਸ ਫ਼ਸਲ ਦੀ ਕਾਸ਼ਤ ਕਰਨੀ ਹੋਵੇ, ਉਸ ਨੂੰ ਲੋੜ ਅਨੁਸਾਰ ਵਾਧੂ ਖਾਦ ਪਾਉਣੀ ਚਾਹੀਦੀ ਹੈ । ਫ਼ਲਦਾਰ ਬੂਟੇ ਅਤੇ ਉਨ੍ਹਾਂ ਵਿੱਚ ਬੀਜੀਆਂ ਫ਼ਸਲਾਂ ਦੀ ਸਿੰਚਾਈ ਦਾ ਪ੍ਰਬੰਧ ਵੱਖਰਾ-ਵੱਖਰਾ ਹੋਣਾ ਚਾਹੀਦਾ ਹੈ ।

**ਸਾਵਧਾਨੀ :** ਉੱਚੀਆਂ ਅਤੇ ਵੱਧ ਖੁਰਾਕ ਲੈਣ ਵਾਲੀਆਂ ਫਸਲਾਂ ਜਿਵੇਂ ਕਿ ਕਪਾਹ, ਚਰ੍ਹੀ, ਬਾਜਰਾ, ਮੱਕੀ, ਮਿਰਚ, ਬਰਸੀਮ, ਭਿੰਡੀ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਬਾਗ ਵਿੱਚ ਨਹੀਂ ਬੀਜਣੀਆਂ ਚਾਹੀਦੀਆਂ ।

**ਨਦੀਨਾਂ ਦੀ ਰੋਕਥਾਮ:** ਮਾਰਚ ਦੇ ਦੂਸਰੇ ਪੰਦਰ੍ਹਵਾੜੇ ਨਦੀਨ ਉੱਗਣ ਤੋਂ ਬਾਅਦ ਗਲਾਈਸਿਲ 41 ਐਸ ਐਲ (ਗਲਾਈਫੋਸੇਟ) ਦਾ 1.6 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਛਿੜਕਾਅ ਅਤੇ ਫਿਰ ਜੁਲਾਈ ਦੇ ਦੂਸਰੇ ਪੰਦਰ੍ਹਵਾੜੇ ਵਿੱਚ ਗਲਾਈਸਿਲ 41 ਐਮ ਐਲ ਜਾਂ ਗਰਾਮੋਕਸੋਨ 24 ਡਬਲਯੂ ਐਸ ਸੀ (ਪੈਰਾਕੁਆਇਟ) 1.2 ਲਿਟਰ ਪ੍ਰਤੀ ਏਕੜ ਦਾ ਦੂਸਰਾ ਛਿੜਕਾਅ 200 ਲਿਟਰ ਪਾਣੀ ਵਿੱਚ ਘੋਲ ਕੇ ਕਰਨ ਨਾਲ ਨਦੀਨਾਂ ਤੇ ਕਾਬੂ ਪਾਇਆ ਜਾ ਸਕਦਾ ਹੈ ।

## ਫ਼ਲਾਂ ਨੂੰ ਝੜਨ ਤੋਂ ਰੋਕਣਾ

ਫ਼ਲ ਨੂੰ ਵਧੇਰੇ ਡਿੱਗਣ ਤੋਂ ਰੋਕਣ ਲਈ ਫ਼ਲਦਾਰ ਬੂਟਿਆਂ ਤੇ 20 ਮਿਲੀਗ੍ਰਾਮ ਪ੍ਰਤੀ ਲਿਟਰ (10 ਗ੍ਰਾਮ 500 ਲਿਟਰ ਪਾਣੀ ਵਿੱਚ) 2,4-ਡੀ (ਸੋਡੀਅਮ ਸਾਲਟ ਹੌਰਟੀਕਲਚਰਲ ਗਰੇਡ) ਦੇ ਚਾਰ ਛਿੜਕਾਅ ਅਖੀਰ ਮਾਰਚ, ਅਖੀਰ ਅਪ੍ਰੈਲ, ਅੱਧ ਅਗਸਤ ਅਤੇ ਅੱਧ ਸਤੰਬਰ ਨੂੰ ਕਰੋ ।

**ਸਾਵਧਾਨੀ :** ਜੇਕਰ ਬਾਗ ਵਿੱਚ ਕੋਈ ਚੌੜੇ ਪੱਤਿਆਂ ਵਾਲੀ ਫ਼ਸਲ ਬੀਜੀ ਗਈ ਹੋਵੇ ਜਾਂ ਨਾਲ ਦੇ ਖੇਤਾਂ ਵਿੱਚ ਕਪਾਹ ਜਾਂ ਹੋਰ ਅਜਿਹੀਆਂ ਫ਼ਸਲਾਂ ਬੀਜੀਆਂ ਹੋਣ ਤਾਂ ਫਲਦਾਰ ਬੂਟਿਆਂ ਉੱਪਰ 20 ਮਿਲੀ ਗ੍ਰਾਮ ਪ੍ਰਤੀ ਲਿਟਰ ਜਿਬਰੈਲਿਕ ਏਸਿਡ ਦਾ ਛਿੜਕਾਅ ਕੀਤਾ ਜਾ ਸਕਦਾ ਹੈ । ਫਲ ਦੀ ਡੰਡੀ ਸਿਰੇ ਤੋਂ ਗਲ ਜਾਣ ਕਰਕੇ ਫਲ ਦੇ ਝੜਨ ਨੂੰ 20 ਮਿਲੀਗ੍ਰਾਮ ਪ੍ਰਤੀ ਲਿਟਰ ਔਰੀਓਫੰਜਨ (20 ਗ੍ਰਾਮ ਦਵਾਈ 500 ਲਿਟਰ ਪਾਣੀ ਵਿੱਚ) ਜਾਂ ਬਾਵਿਸਟਨ 500 ਗ੍ਰਾਮ, 500 ਲਿਟਰ ਪਾਣੀ ਵਿੱਚ, ਫਲ ਬਣਨ ਤੋਂ ਚਾਰ ਮਹੀਨੇ ਬਾਅਦ 15 ਦਿਨ ਦੇ ਵਕਫੇ ਤੇ ਚਾਰ ਵਾਰ ਛਿੜਕਾਅ ਕਰਨ ਨਾਲ ਪੂਰਨ ਤੌਰ ਤੇ ਰੋਕਿਆ ਜਾ ਸਕਦਾ ਹੈ ।

**ਗੁਣਵੱਤਾ ਸੁਧਾਰ :** ਕਿੰਨੋ ਵਿੱਚ ਝਾੜ ਅਤੇ ਫ਼ਲਾਂ ਦੀ ਗੁਣਵੱਤਾ ਸੁਧਾਰਣ ਲਈ ਪੋਟਾਸ਼ੀਅਮ ਨਾਈਟ੍ਰੇਟ (1 ਪ੍ਰਤੀਸ਼ਤ) ਦਾ ਤਿੰਨ ਵਾਰੀ, ਅਖੀਰ ਮਈ, ਜੂਨ ਅਤੇ ਜੁਲਾਈ ਵਿੱਚ ਛਿੜਕਾਅ ਕਰੋ ।

### ਫਲ ਵਿਰਲੇ ਕਰਨਾ

ਤਿੰਨ ਚਾਰ ਸਾਲ ਦੀ ਉਮਰ ਦੇ ਹੋ ਜਾਣ ਤੇ ਕਿੰਨੋ ਦੇ ਬੂਟਿਆਂ ਨੂੰ ਭਰਵਾਂ ਫਲ ਪੈਂਦਾ ਹੈ । ਕਈ ਵਾਰ ਇਸ ਉਮਰ ਦੇ ਬੂਟਿਆਂ ਨੂੰ 400-500 ਫਲ ਲੱਗਦੇ ਹਨ।ਜੇ ਇਹ ਸਾਰਾ ਫਲ ਬੂਟਿਆਂ ਤੇ ਰਹਿਣ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਸਿਹਤ ਤੇ ਬੁਰਾ ਅਸਰ ਪੈਂਦਾ ਹੈ । ਉਨ੍ਹਾਂ ਵਿੱਚੋਂ ਕੁਝ ਬੂਟੇ ਤਾਂ ਮਰ ਵੀ ਜਾਂਦੇ ਹਨ । ਇਸ ਲਈ ਬੂਟਿਆਂ ਦੀ ਚੰਗੀ ਸਿਹਤ ਨੂੰ ਕਾਇਮ ਰੱਖਣ ਲਈ ਤੇ ਲਗਾਤਾਰ ਫਲ ਪ੍ਰਾਪਤ ਕਰਨ ਲਈ ਮਈ ਦੇ ਮਹੀਨੇ ਕਿੰਨੋ ਦੇ ਇਨ੍ਹਾਂ ਫਲੇ ਹੋਏ ਬੂਟਿਆਂ ਤੇ ਪਏ ਫਲ ਨੂੰ ਬੜੀ ਸੂਝਬੂਝ ਨਾਲ ਵਿਰਲਾ ਕਰਨਾ ਚਾਹੀਦਾ ਹੈ ।

### ਫਲਾਂ ਦਾ ਪੱਕਣਾ ਅਤੇ ਤੁੜਾਈ

ਕਿੰਨੋ ਦੇ ਫਲਾਂ ਨੂੰ ਉਸ ਵਕਤ ਤੋੜਨਾ ਚਾਹੀਦਾ ਹੈ ਜਦੋਂ ਇਹ ਪੂਰਾ ਆਕਾਰ ਤੇ ਮਨ ਭਾਉਂਦਾ ਰੰਗ ਪ੍ਰਾਪਤ ਕਰ ਲੈਣ ਅਤੇ ਮਿਠਾਸ ਤੇ ਖੱਟੇ ਦੀ ਪੂਰੀ ਮਾਤਰਾ ਇਨ੍ਹਾਂ ਵਿੱਚ ਮੌਜੂਦ ਹੋਵੇ । ਬੂਟੇ ਦੇ ਬਾਹਰੀ ਭਾਗ ਤੇ ਲੱਗੇ ਹੋਏ ਫਲ ਨੂੰ ਉਸ ਵਕਤ ਤੋੜ ਲੈਣਾ ਚਾਹੀਦਾ ਹੈ ਜਦੋਂ ਇਨ੍ਹਾਂ ਵਿੱਚ ਮਿਠਾਸ ਤੇ ਖਟਾਸ 12 : 1 ਅਨੁਪਾਤ ਦਾ ਹੋਵੇ ਪਰ ਅੰਦਰਲੇ ਫਲਾਂ ਨੂੰ ਕੁਝ ਸਮੇਂ ਬਾਅਦ ਉਸ ਵੇਲੇ ਤੋੜੋ ਜਦੋਂ ਉਨ੍ਹਾਂ ਵਿੱਚ ਮਿੱਠਾ ਤੇ ਖਟਾਸ 14 : 1 ਅਨੁਪਾਤ ਦਾ ਹੋ ਜਾਵੇ । ਕਿੰਨੋ ਦੇ ਫਲਾਂ ਨੂੰ ਤੋੜਨ ਦਾ ਸਭ ਤੋਂ ਵਧੀਆ ਸਮਾਂ ਅੱਧ ਜਨਵਰੀ ਤੋਂ ਅੱਧ ਫਰਵਰੀ ਹੈ । ਕਈ ਵਾਰ ਮੌਸਮ ਤੇ ਇਲਾਕੇ ਦੀਆਂ ਹਾਲਤਾਂ ਅਨੁਸਾਰ ਇਨ੍ਹਾਂ ਦੀ ਤੁੜਾਈ ਦਾ ਸਮਾਂ ਕੁਝ ਬਦਲ ਵੀ ਸਕਦਾ ਹੈ। ਫਲਾਂ ਨੂੰ ਕਦੇ ਵੀ ਟਾਹਣੀਆਂ ਨਾਲੋਂ ਖਿੱਚ ਕੇ ਨਹੀਂ ਤੋੜਨਾ ਚਾਹੀਦਾ । ਇਸ ਤਰ੍ਹਾਂ ਕਰਨ ਨਾਲ ਤਣਿਆਂ ਦੇ ਉੱਪਰਲੇ ਹਿੱਸਿਆਂ ਦੀ ਛਿੱਲ ਲਹਿ ਜਾਂਦੀ ਹੈ । ਫਲ ਕਲਿੱਪਰ ਨਾਲ ਤੋੜੋ ਅਤੇ ਫਲਾਂ ਉਪਰਲੀ ਛੋਟੀ ਡੰਡੀ ਕਾਇਮ ਰੱਖੋ ।

### ਤੁੜਾਈ ਤੋਂ ਬਾਅਦ ਫਲਾਂ ਦੀ ਸਾਂਭ-ਸੰਭਾਲ ਅਤੇ ਮੰਡੀਕਰਨ

ਤੋੜਨ ਤੋਂ ਬਾਅਦ ਫਲਾਂ ਦੀ ਚੰਗੀ ਤਰ੍ਹਾਂ ਸਫਾਈ ਅਤੇ ਢੁਕਵੀਂ ਦਰਜਾਬੰਦੀ ਕਰਨੀ ਚਾਹੀਦੀ ਹੈ । ਡੱਬਿਆਂ ਵਿੱਚ ਢੋਆ-ਢੁਆਈ ਸਮੇਂ ਫਿੱਸਣ ਤੋਂ ਬਚਾਉਣ ਲਈ 3 ਜਾਂ 4 ਤਹਿਆਂ ਲਾ ਕੇ ਬੰਦ ਕਰਨਾ ਚਾਹੀਦਾ ਹੈ । ਫਲਾਂ ਦਾ ਪੱਕ ਕੇ ਤਿਆਰ ਹੋ ਜਾਣਾ ਹੀ, ਇਨ੍ਹਾਂ ਨੂੰ ਗੁਦਾਮਾਂ ਵਿੱਚ ਰੱਖਣ ਲਈ ਠੀਕ ਅਵਸਥਾ ਦੀ ਮੁੱਖ ਨਿਸ਼ਾਨੀ ਹੈ । ਬਹੁਤ ਅਗੇਤੇ ਜਾਂ ਬਹੁਤ ਪਿਛੇਤੇ ਤੋੜੇ ਫਲ ਗੁਦਾਮ ਵਿੱਚ ਠੀਕ ਨਹੀਂ ਰਹਿੰਦੇ । ਫਲਾਂ ਨੂੰ ਬਾਰਸ਼ ਤੋਂ ਇੱਕ ਦਮ ਬਾਅਦ ਜਾਂ ਸਵੇਰ ਵੇਲੇ, ਜਦੋਂ ਉਨ੍ਹਾਂ ਤੇ ਤਰੇਲ ਪਈ ਹੋਵੇ, ਤੋੜਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ । ਜੇਕਰ ਫ਼ਲਾਂ ਨੂੰ 125 ਮਿਲੀਗ੍ਰਾਮ ਪ੍ਰਤੀਲਿਟਰ ਬੈਨਲੇਟ ਵਿੱਚ ਇੱਕ ਮਿੰਟ ਡੋਬਣ ਪਿੱਛੋਂ ਸੁਕਾ ਕੇ ਪੋਲੀਥੀਨ ਦੇ (100 ਗੇਜ਼) ਲਿਫ਼ਾਫ਼ਿਆਂ ਵਿੱਚ ਪਾਇਆ ਜਾਵੇ ਤਾਂ ਫਲ ਨੂੰ ਕੋਈ ਨੁਕਸਾਨ ਨਹੀਂ ਹੁੰਦਾ ।ਕਿੰਨੋ ਦੇ ਫਲਾਂ ਨੂੰ ਤੋੜਨ ਉਪਰੰਤ ਸਾਫ਼ ਪਾਣੀ ਨਾਲ ਧੋ ਕੇ 0.01% ਕਲੋਰੀਨ ਵਾਲ ੇ ਪਾਣੀ (ਸਡੋ ੀਅਮ ਹਾਈਪਕੋ ਲਰੋ ਾਈਟ 4% ੍ 2.5 ਮਿ.ਲੀ. ਪਤ੍ ੀ ਲਿਟਰ ਪਾਣੀ ਵਿੱਚ ਡਬੋ ਕੇ ਛਾਂ ਹੇਠ ਥੋੜ੍ਹਾ ਸੁਕਾ ਕੇ ਫੋਮ ਨਾਲ ਸਿਟਰਾਸ਼ਾਈਨ ਮੋਮ ਲਗਾਉ । ਮੋਮ ਲੱਗੇ ਫ਼ਲਾਂ ਨੂੰ ਛਾਂ ਹੇਠ ਸੁਕਾ ਕੇ ਡੱਬਾ ਬੰਦ ਕਰੋ । ਇਸ ਤਰ੍ਹਾਂ ਕਰਨ ਨਾਲ ਦੋ ਹਫ਼ਤਿਆਂ ਤੱਕ ਫ਼ਲਾਂ ਦੀ ਦਿੱਖ, ਭੰਡਾਰਨ, ਢੋਆ-ਢੁਆਈ ਅਤੇ ਮੰਡੀਕਰਣ ਤੱਕ ਫ਼ਲਾ ਦੀ ਕੁਆਲਟੀ ਬਰਕਰਾਰ ਰਹਿੰਦੀ ਹੈ । ਕਿੰਨੋ ਦੇ ਫਲਾਂ ਨੂੰ ਪੂਰੇ ਪੱਕਣ ਤੇ ਤੋੜਨ ਉਪਰੰਤ ਹਵਾਦਾਰ ਕੋਰੂਗੇਟਡ ਫਾਈਬਰ ਬੋਰਡ ਦੇ ਡੱਬਿਆਂ ਵਿੱਚ ਪਾ ਕੇ 5-6 ਡਿਗਰੀ ਸੈਂਟੀਗ੍ਰੇਡ ਅਤੇ 90-95% ਸਿੱਲ੍ਹ ਵਿੱਚ 45 ਦਿਨਾਂ ਲਈ ਚੰਗੀ ਹਾਲਤ ਵਿੱਚ ਰੱਖਿਆ ਜਾ ਸਕਦਾ ਹੈ । ਫ਼ਰਵਰੀ ਦੇ ਪਹਿਲੇ ਹਫ਼ਤੇ ਤੋੜੇ ਨਰੋਏ ਅਤੇ ਸਾਫ਼ ਕਿੰਨੋ ਦੇ ਫ਼ਲਾਂ ਨੂੰ ਇਕੱਲੇ-ਇਕੱਲੇ 10 ਮਾਈਕ੍ਰੋਨ ਐਚ ਡੀ ਪੀ ਈ ਦੇ ਲਿਫਾਫਿਆਂ ਵਿੱਚ ਬਿਜਲਾਈ ਸੀਲਰ ਜਾਂ ਰਬੜ ਬੈਂਡ ਨਾਲ ਬੰਦ ਕਰਕੇ ਆਮ ਕਮਰੇ ਦੇ ਤਾਪਮਾਨ ਤੇ 8 ਹਫ਼ਤਿਆਂ ਤੱਕ ਰੱਖਿਆ ਜਾ ਸਕਦਾ ਹੈ । ਵੱਡੇ ਆਕਾਰ ਦੇ ਮਾਰਸ਼ਸੀਡਲੈਸ ਗਰੇਪਫਰੂਟ ਦੇ ਫਲਾਂ ਨੂੰ ਕਮਰੇ ਦੇ ਆਮ ਤਾਪਮਾਨ ਤੇ ਛੋਟੇ ਆਕਾਰ ਦੇ ਫਲਾਂ ਨਾਲੋਂ ਜ਼ਿਆਦਾ ਦੇਰ ਤੱਕ ਰੱਖਿਆ ਜਾ ਸਕਦਾ ਹੈ । ਇਨ੍ਹਾਂ ਨੂੰ 15-20 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੇ 60 ਦਿਨਾਂ ਤੱਕ ਰੱਖਿਆ ਜਾ ਸਕਦਾ ਹੈ । ਤੋੜੇ ਹੋਏ ਫਲਾਂ ਨੂੰ 30 ਪੀ ਪੀ ਐਮ (30 ਮਿਲੀਗ੍ਰਾਮ ਪ੍ਰਤੀ ਲਿਟਰ) ਜੀ ਏ ਨਾਲ ਸੋਧ ਕੇ ਅਤੇ ਮੋਮੀ ਲਿਫਾਫੇ (100 ਗੇਜ਼) ਵਿੱਚ ਲਪੇਟ ਕੇ ਕਾਫੀ ਵੱਧ ਸਮੇਂ ਤੱਕ ਰੱਖਿਆ ਜਾ ਸਕਦਾ ਹੈ । 30 ਪੀ ਪੀ ਐਮ ਜੀ ਏ ਤਿਆਰ ਕਰਨ ਲਈ 1.5 ਗ੍ਰਾਮ ਜੀ ਏ ਨੂੰ ਇਥਾਈਲ ਅਲਕੋਹਲ ਦੀ ਥੋੜ੍ਹੀ ਜਿਹੀ ਮਾਤਰਾ (35 ਤੋਂ 50 ਮਿਲੀਲਿਟਰ) ਵਿੱਚ ਘੋਲ ਕੇ ਫਿਰ ਇਸ ਵਿੱਚ ਪਾਣੀ ਪਾ ਕੇ ਇਸ ਨੂੰ 50 ਲਿਟਰ ਬਣਾ ਲਉ । ਬਾਰਾਮਾਸੀ ਨਿੰਬੂ ਤੋਂ ਅਲਕੋਹਲ ਰਹਿਤ ਕੁਦਰਤੀ ਕਾਰਬੋਨੇਟਿਡ ਮਿਸ਼ਰਤ ਪੇਅ (ਬੈਵਰੇਜ) ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਚਾਰ ਮਹੀਨੇ ਲਈ ਰੱਖਿਆ ਜਾ ਸਕਦਾ ਹੈ ।

### ਝਾੜ ਘਟਣਾ

ਇਸ ਦੇ ਕਈ ਕਾਰਨ ਹੋ ਸਕਦੇ ਹਨ । ਜਿਵੇਂ ਕਮਜ਼ੋਰ ਅਤੇ ਵਿਸ਼ਾਣੂ ਰੋਗ ਵਾਲੇ ਬੂਟੇ ਲਾਉਣੇ, ਜੜ੍ਹ-ਮੁੱਢ ਦਾ ਠੀਕ ਨਾ ਹੋਣਾ, ਬਾਗ ਦਾ ਆਯੋਗ ਪ੍ਰਬੰਧ, ਜ਼ਮੀਨੀ ਨੁਕਸ, ਪਾਣੀ ਦਾ ਨਿਕਾਸ ਠੀਕ ਨਾ ਹੋਣਾ; ਠੀਕ ਸੰਭਾਲ ਨਾ ਹੋਣਾ, ਮਾੜੀ ਖੁਰਾਕ, ਕੀੜੇ-ਮਕੌੜੇ, ਨਿਮਾਟੋਡ ਅਤੇ ਬਿਮਾਰੀਆਂ ਆਦਿ ।

### ਮਰ ਰਹੇ ਨਿੰਬੂ ਜਾਤੀ ਦੇ ਬਾਗਾਂ ਨੂੰ ਸੁਰਜੀਤ ਕਰਨ ਲਈ ਹੇਠ ਲਿਖੇ ਢੰਗ ਹਨ

1. ਸੁੱਕੇ ਤੇ ਮਰ ਰਹੇ ਬੂਟਿਆਂ ਦੀਆਂ ਜਨਵਰੀ ਤੋਂ ਫਰਵਰੀ ਵਿੱਚ ਨਵੇਂ ਪੱਤੇ ਫੁੱਟਣ ਤੋਂ ਪਹਿਲਾਂ ਸੁੱਕੀਆਂ ਟਾਹਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ ਅਤੇ 2:2:250 ਬੋਰਡੋ ਮਿਸ਼ਰਣ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ । ਟੱਕਾਂ ਅਤੇ ਤਣੇ ਤੇ ਬੋਰਡੋ ਪੇਸਟ ਲਗਾ ਦੇਣੀ ਚਾਹੀਦੀ ਹੈ । ਇੱਕ ਹਫ਼ਤੇ ਪਿੱਛੋਂ ਤਣਿਆਂ ਤੇ ਵੀ ਬੋਰਡੋ ਪੇਸਟ ਲਗਾ ਦੇਣੀ ਚਾਹੀਦੀ ਹੈ । ਬੋਰਡੋ ਪੇਸਟ ਅਤੇ ਬੋਰਡੋ ਪੇਂਟ ਬਨਾਉਣ ਦੀ ਵਿਧੀ ਫਲਦਾਰ ਬੂਟਿਆਂ ਦੇ ਅਖ਼ੀਰ ਵਿੱਚ ਦਿੱਤੀ ਗਈ ਹੈ ।
2. ਖਾਦਾਂ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਪਾਉਣੀਆਂ ਚਾਹੀਦੀਆਂ ਹਨ ।
3. ਬੂਟੇ ਦੀ ਸੁਰੱਖਿਆ ਲਈ ਸਿਫ਼ਾਰਸ਼ ਕੀਤੇ ਛਿੜਕਾਅ ਕਰਨੇ ਚਾਹੀਦੇ ਹਨ ।
4. ਡੇਢ ਕਿਲੋ ਜ਼ਿੰਕ ਸਲਫ਼ੇਟ 500 ਲਿਟਰ ਪਾਣੀ ਵਿੱਚ ਘੋਲ ਕੇ ਅਤੇ ਬੋਰਡੋ ਮਿਸ਼ਰਣ ਵੱਖ-ਵੱਖ; ਅਪ੍ਰੈਲ, ਜੂਨ ਅਤੇ ਸਤੰਬਰ ਵਿੱਚ ਨਵੀਂ ਫੋਟ ਤੇ ਜਦੋਂ ਪੱਤਿਆਂ ਦਾ ਆਕਾਰ 2/3 ਹੋ ਗਿਆ ਹੋਵੇ, ਛਿੜਕੋ । ਦੋ ਛਿੜਕਾਵਾਂ ਵਿੱਚ ਘੱਟੋ-ਘੱਟ ਇੱਕ ਹਫ਼ਤੇ ਦਾ ਫ਼ਰਕ ਜ਼ਰੂਰ ਹੋਵੇ ।

# ਪੌਦ ਸੁਰੱਖਿਆ

## ੳ) ਕੀੜੇ :

| ਕੀੜੇ ਅਤੇ ਉਨ੍ਹਾਂ ਦੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| **1. ਸਿੱਲਾ :** ਇਸ ਦਾ ਹਮਲਾ ਸਾਰਾ ਸਾਲ ਹੁੰਦਾ ਹੈ ਪਰ ਇਹ ਬਹੁਤਾ ਨੁਕਸਾਨ ਅੱਧ ਅਪ੍ਰੈਲ ਤੋਂ ਲੈ ਕੇ ਅੱਧ ਅਕਤੂਬਰ ਤੱਕ ਕਰਦਾ ਹੈ । ਇਸ ਦੀ ਸੰਖਿਆ ਖੁਸ਼ਕ ਇਲਾਕੇ ਵਿੱਚ ਜ਼ਿਆਦਾ ਹੁੰਦੀ ਹੈ । ਨੁਕਸਾਨ, ਪੂੰਗ ਅਤੇ ਵੱਡੇ ਕੀੜੇ ਕਰਦੇ ਹਨ । ਵੱਡੇ ਕੀੜੇ ਸਲੇਟੀ ਰਗੰ ਦੇ ਅਤੇ ਚਸੁ ਤੀ ਨਾਲ ਉੱਡਣ ਵਾਲੇ ਹੁੰਦੇ ਹਨ । ਇਹ ਕੀੜੇ ਪੱਤਿਆਂ ਉਪਰ ਖੰਭ ਬੰਦ ਕਰਕੇ ਅਤੇ ਪਿਛਲਾ ਸਿਰਾ ਉੱਪਰ ਚੁੱਕ ਕੇ ਬੈਠਦੇ ਹਨ । ਪੂੰਗ ਸੰਤਰੀ ਪੀਲੇ ਰੰਗ ਦੇ ਹੁੰਦੇ ਹਨ । ਪੂੰਗ ਅਤੇ ਵੱਡੇ ਕੀੜੇ ਦੋਵੇਂ ਹੀ ਅੱਖਾਂ, ਪੱਤਿਆਂ ਅਤੇ ਨਵੀਆਂ ਟਾਹਣੀਆਂ ਦਾ ਰਸ ਚੂਸਦੇ ਹਨ ਜਿਸ ਦੇ ਸਿੱਟੇ ਵੱਜੋਂ ਪੱਤੇ ਇਕੱਠੇ ਹੋਣੇ ਅਤੇ ਟਾਹਣੀਆਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ । ਇਹ ਕੀੜਾ ਗਰੀਨਿੰਗ ਬਿਮਾਰੀ ਨੂੰ ਫੈਲਾਉਂਦਾ ਹੈ ।   | 1250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਜਾਂ 200 ਮਿਲੀਲਿਟਰ ਕਰੋਕੋਡਾਇਲ/ਕੋਨਫ਼ੀਡੋਰ 17.8 ਐੱਸ. ਐਲ. (ਈਮੀਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੀਥੋਕਸਮ) ਪ੍ਰਤੀ ਏਕੜ ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਪਹਿਲਾ ਛਿੜਕਾਅ ਮਾਰਚ ਵਿਚ ਜਾਂ ਜਦੋਂ ਕੀੜੇ ਨਜ਼ਰ ਆਉਣ ਅਤੇ ਦੂਜਾ ਛਿੜਕਾਅ ਸਤੰਬਰ ਦੇ ਪਹਿਲੇ ਹਫ਼ਤੇ ਕਰਨਾ ਚਾਹੀਦਾ ਹੈ । **ਨੋਟ :** ਛਿੜਕਾਅ ਦਾ ਸਮਾਂ ਕੀੜੇ ਦੇ ਨਜ਼ਰ ਆਉਣ ਦੇ ਹਿਸਾਬ ਨਾਲ ਨਿਰਧਾਰਿਤ ਕੀਤਾ ਜਾ ਸਕਦਾ ਹੈ । |
| **2. ਸੁਰੰਗੀ ਕੀੜਾ :** ਇਹ ਕੀੜਾ ਨਰਸਰੀ ਵਿੱਚ ਅਤੇ ਨਵੇਂ ਬੂਟਿਆਂ ਦੇ ਨਿਕਲ ਰਹੇ ਪੱਤਿਆਂ ਸਮੇਂ ਬਹੁਤ ਖਤਰਨਾਕ ਹੁੰਦਾ ਹੈ । ਇਸ ਦੀਆਂ ਸੁੰਡੀਆਂ ਨਵੇਂ ਪੱਤੇ ਅਤੇ ਨਰਮ ਟਾਹਣੀਆਂ ਵਿੱਚ ਵਿੰਗੀਆਂ ਟੇਢੀਆਂ, ਚਿੱਟੀਆਂ ਚਮਕਦਾਰ ਸੁਰੰਗਾਂ ਕਰਦੀਆਂ ਹਨ । ਹਮਲੇ ਤੋਂ ਪ੍ਰਭਾਵਿਤ ਪੱਤੇ ਝੁਰੜ-ਮੁਰੜ ਹੋ ਜਾਂਦੇ ਹਨ । ਬਹੁਤ ਜ਼ਿਆਦਾ ਹਮਲੇ ਦੀ ਸੂਰਤ ਵਿੱਚ ਸਾਰੇ ਪੱਤੇ ਝੜ ਜਾਂਦੇ ਹਨ । ਇਹ ਕੀੜਾ ਮਾਰਚ ਦੇ ਅੰਤ ਤੋਂ ਲੈ ਕੇ ਨਵੰਬਰ ਤੱਕ ਹਮਲਾ ਕਰਦਾ ਹੈ ਪਰ ਇਸ ਦਾ ਸਭ ਤੋਂ ਜ਼ਿਆਦਾ ਹਮਲਾ ਅਪ੍ਰੈਲ-ਮਈ ਅਤੇ ਫਿਰ | ਇਸ ਦੀ ਰੋਕਥਾਮ ਲਈ 500 ਮਿਲੀਲਿਟਰ ਸੁਮਿਸੀਡੀਨ 20 ਈ ਸੀ (ਫੈਨਵਲਰੇਟ) ਜਾਂ 1000 ਮਿਲੀਲਿਟਰ ਰਿਪਕਾਰਡ 10 ਈ ਸੀ (ਸਾਈਪਰਮੈਥ੍ਰਿਨ) ਜਾਂ 1250 ਮਿਲੀਲਿਟਰ ਹੋਸਟਾਥੀਓਨ 40 ਈ ਸੀ (ਟਰਾਈਐਜ਼ੋਫਾਸ) ਜਾਂ 1875 ਮਿਲੀਲਿਟਰ ਮਾਸਬਾਨ/ਡਰਮਟ 20 ਈ ਸੀ (ਕਲੋਰਪਾਈਰੀਫ਼ਾਸ) ਜਾਂ 200 ਮਿਲੀਲਿਟਰ ਕਰੋਕੋਡਾਈਲ/ਕੋਨਫ਼ੀਡੋਰ 17.8 ਐਸ.ਐਲ. ਈਮੀਡਾਕਲੋਪਰਿਡ ਜਾਂ 160 ਗ੍ਰਾਮ ਐਕਟਾਰਾ 25 ਡਬਲਯੂ ਜੀ |

| | |
|---|---|
| ਸਤੰਬਰ-ਅਕਤੂਬਰ ਵਿੱਚ ਹੁੰਦਾ ਹੈ । ਇਸ ਕੀੜੇ ਦਾ ਹਮਲਾ ਨਿੰਬੂ ਜਾਤੀ ਦੇ ਕੋਹੜ ਰੋਗ ਨੂੰ ਵਧਾਉਂਦਾ ਹੈ।<br>  | (ਥਾਇਆਮੀਥੋਕਸਮ) 500 ਲਿਟਰ ਪਾਣੀ ਵਿੱਚ ਘੋਲ ਕੇ ਅਪ੍ਰੈਲ-ਮਈ ਅਤੇ ਸਤੰਬਰ-ਅਕਤੂਬਰ ਵਿੱਚ ਛਿੜਕਾਅ ਕਰੋ।<br>**ਨੋਟ** : ਸਿੰਥੈਟਿਕ ਪ੍ਰਿਥਰਾਇਡ ਜ਼ਹਿਰਾਂ ਦੀ ਵਰਤੋਂ ਵੱਡਿਆਂ ਬੂਟਿਆਂ ਤੇ ਕਰਨ ਤੋਂ ਸੰਕਚੋ ਕਰੋ । |
| **3. ਚਿੱਟੀ ਮੱਖੀ ਤੇ ਕਾਲੀ ਮੱਖੀ :** ਇਹ ਨਿੰਬੂ ਜਾਤੀ ਦੇ ਖਤਰਨਾਕ ਕੀੜੇ ਹਨ । ਪ੍ਰੂੰਗ ਅਤੇ ਵੱਡੇ ਕੀੜੇ ਦੋਨੋਂ ਨਵੇਂ ਪੱਤੇ ਅਤੇ ਟਾਹਣੀਆਂ ਦਾ ਰਸ ਚੂਸਦੇ ਹਨ ਜਿਸ ਨਾਲ ਬੂਟੇ ਦੇ ਵਾਧੇ ਤੇ ਅਸਰ ਪੈਂਦਾ ਹੈ । ਬਹੁਤ ਜ਼ਿਆਦਾ ਹਮਲੇ ਵਾਲੇ ਪੱਤੇ ਪੀਲੇ ਹੋ ਕੇ ਇਕੱਠੇ ਹੋ ਜਾਂਦੇ ਹਨ ਅਤੇ ਅਖੀਰ ਵਿੱਚ ਝੜ ਜਾਂਦੇ ਹਨ । ਚਿੱਟੀ ਮੱਖੀ ਦੇ ਸ਼ਹਿਦ ਵਰਗੇ ਮਲ ਤੇ ਉੱਲੀ ਉੱਗ ਪੈਂਦੀ ਹੈ ਜਿਸ ਨਾਲ ਪੱਤੇ ਕਾਲੇ ਦਿਸਦੇ ਹਨ। ਹਮਲੇ ਵਾਲੇ ਦਰੱਖਤਾਂ ਵਿੱਚ ਹਰਾ ਮਾਦਾ, ਨਾਈਟ੍ਰੋਜਨ ਅਤੇ ਪ੍ਰੋਟੀਨ ਘੱਟ ਮਾਤਰਾ ਵਿੱਚ ਹੋਣ ਕਰਕੇ ਫੁੱਲ ਘੱਟ ਆਉਂਦੇ ਹਨ ਜੋ ਕਿ ਝੜ ਸਕਦੇ ਹਨ ਅਤੇ ਫਲ ਬੇਸੁਆਦ ਹੁੰਦੇ ਹਨ । ਚਿੱਟੀ ਮੱਖੀ ਹਲਕੇ ਪੀਲੇ ਰੰਗ ਦਾ ਲਾਲ ਅੱਖਾਂ ਵਾਲਾ ਛੋਟਾ ਕੀੜਾ ਹੁੰਦਾ ਹੈ । ਕਾਲੀ ਮੱਖੀ ਨਵੇਂ ਪੱਤਿਆਂ ਦੇ ਹੇਠਲੇ ਪਾਸੇ ਗੋਲ ਚੱਕਰਾਂ ਵਿੱਚ ਅੰਡੇ ਦਿੰਦੀ ਹੈ ਅਤੇ ਇਸ ਦੇ ਪ੍ਰੂੰਗ ਕਾਲੇ ਰੰਗ ਦੇ ਹੁੰਦੇ ਹਨ । ਨਵੇਂ ਨਿੱਕਲੇ ਵੱਡੇ ਕੀੜੇ ਲਾਲ ਜਿਹੇ ਰੰਗ ਦੇ ਹੁੰਦੇ ਹਨ ਜੋ ਬਾਅਦ ਵਿੱਚ ਗੂੜ੍ਹੀ ਨੀਲੀ ਭਾਅ ਮਾਰਦੇ ਹਨ । ਦੋਵੇਂ ਕਿਸਮ ਦੀਆਂ ਮੱਖੀਆਂ ਮਾਰਚ ਤੋਂ ਨਵੰਬਰ ਤੱਕ ਹਮਲਾ ਕਰਦੀਆਂ ਹਨ ਪਰ ਬਹੁਤਾ ਨੁਕਸਾਨ ਅਪ੍ਰੈਲ -ਮਈ ਅਤੇ ਫਿਰ ਸਤੰਬਰ-ਅਕਤੂਬਰ ਵਿੱਚ ਹੁੰਦਾ ਹੈ ।<br>  | ਚਿੱਟੀ ਅਤੇ ਕਾਲੀ ਮੱਖੀ ਦੀ ਰੋਕਥਾਮ ਲਈ 1000 ਮਿਲੀਲਿਟਰ ਫਾਸਮਾਈਟ 50 ਈ ਸੀ (ਈਥੀਔਨ) ਜਾਂ 1250 ਮਿਲੀਲਿਟਰ ਹੋਸਟਾਥਿਉਨ 40 ਈ ਸੀ (ਟਰਾਈਐਜੋਫਾਸ) 500 ਲਿਟਰ ਪਾਣੀ ਵਿੱਚ ਘੋਲ ਕੇ ਅਪ੍ਰੈਲ , ਮਈ ਅਤੇ ਫਿਰ ਸਤੰਬਰ-ਅਕਤੂਬਰ ਵਿੱਚ ਛਿੜਕੋ । ਹੋਸਟਾਥਿਓਨ ਅਤੇ ਥਾਇਓਡਾਨ ਸਿੱਲੇ ਦੀ ਰੋਕਥਾਮ ਵਾਸਤੇ ਵੀ ਅਸਰਦਾਰ ਹਨ । |
| **4. ਤੇਲਾ :** ਤੇਲੇ ਦੀਆਂ ਤਿੰਨ ਕਿਸਮਾਂ, ਨਿੰਬੂ ਜਾਤੀ ਦੇ ਫਲਾਂ ਤੇ ਅਕਸਰ ਹਮਲਾ ਕਰਦੀਆਂ ਹਨ । ਇਨ੍ਹਾਂ ਦਾ ਹਮਲਾ ਸਾਲ ਵਿੱਚ ਦੋ ਵਾਰੀ ਹੁੰਦਾ ਹੈ । ਪਹਿਲਾ ਹਮਲਾ ਫਰਵਰੀ ਦੇ ਪਹਿਲੇ ਹਫਤੇ ਤੋਂ ਲੈ ਕੇ ਮਈ ਦੇ ਪਹਿਲੇ ਹਫਤੇ ਤੱਕ ਹੁੰਦਾ ਹੈ ਪਰ ਮਾਰਚ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅਪ੍ਰੈਲ ਦੇ ਪਹਿਲੇ ਹਫ਼ਤੇ ਤੱਕ ਇਹ ਕਾਫ਼ੀ ਨੁਕਸਾਨ ਕਰਦੇ ਹਨ । ਤੇਲੇ ਦਾ ਦੂਜਾ ਹਮਲਾ ਅਗਸਤ ਦੇ ਆਖਰੀ ਹਫ਼ਤੇ ਤੋਂ ਲੈ ਕੇ ਨਵੰਬਰ ਦੇ ਦੂਜੇ ਹਫ਼ਤੇ ਤੱਕ ਹੁੰਦਾ ਹੈ, ਪਰ ਜ਼ਿਆਦਾ ਨੁਕਸਾਨ ਸਤੰਬਰ ਦੇ ਦੂਜੇ ਹਫ਼ਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਹੁੰਦਾ ਹੈ। ਛੋਟੇ ਅਤੇ ਵੱਡੇ ਕੀੜੇ ਨਵੇਂ ਪੱਤੇ ਅਤੇ ਟਹਿਣੀਆਂ ਤੋਂ ਰਸ ਚੂਸ ਕੇ ਬੂਟੇ ਨੂੰ ਕਮਜ਼ੋਰ ਕਰ ਦਿੰਦੇ ਹਨ । ਰਸ ਚੂਸਣ ਕਾਰਨ ਪੱਤੇ ਚੁਰੜ-ਮੁਰੜ ਹੋ ਜਾਂਦੇ ਹਨ ਅਤੇ ਬੂਟੇ ਛੋਟੇ ਕੱਦ ਦੇ ਰਹਿ ਜਾਂਦੇ ਹਨ । ਤੇਲੇ ਦੇ ਸ਼ਹਿਦ ਵਰਗੇ ਮਲ ਉਪਰ ਕਾਲੀ ਉੱਲੀ ਉੱਗ ਜਾਂਦੀ ਹੈ ਜੋ ਕਿ ਬੂਟੇ ਦੀ ਭੋਜਨ ਬਨਾਓਣੁ ਦੀ ਸਮਰਥਾ ਉੱਪਰ ਮਾੜਾ ਅਸਰ ਪਾਉਂਦੀ ਹੈ। | ਤੇਲੇ ਦੀ ਰੋਕਥਾਮ ਲਈ ਸਿੱਲ੍ਹੇ ਲਈ ਸਿਫਾਰਸ਼ ਕੀਤੀਆਂ ਜ਼ਹਿਰਾਂ ਦੀ ਵਰਤੋਂ ਕਰੋ । |

| | |
|---|---|
|  | |
| **5. ਮਾਈਟ (ਜੂੰ):** ਇਸ ਦਾ ਹਮਲਾ ਪੱਤਿਆਂ, ਫੁੱਲਾਂ ਅਤੇ ਫ਼ਲਾਂ ਤੇ ਹੁੰਦਾ ਹੈ । ਇਸ ਦਾ ਸਭ ਤੋਂ ਵੱਧ ਹਮਲਾ ਖੁਸ਼ਕ ਅਤੇ ਗਰਮ ਮੌਸਮ (ਮਈ-ਜੂਨ) ਜਾਂ ਕਦੇ-ਕਦੇ ਅਗਸਤ-ਸਤੰਬਰ ਵਿੱਚ ਵੀ ਹੁੰਦਾ ਹੈ ।ਜੂੰ ਦੇ ਖਾਣ ਨਾਲ ਪੱਤਿਆਂ ਉੱਪਰ ਛੋਟੇ-ਛੋਟੇ ਧੱਬੇ ਪੈ ਜਾਂਦੇ ਹਨ ਅਤੇ ਪੱਤੇ ਆਮ ਤੋਰ ਤੇ ਧੂੜ ਵਰਗੇ ਦਿਸਦੇ ਹਨ।<br> | ਇਸ ਦੀ ਰੋਕਥਾਮ ਲਈ 1000 ਮਿਲੀਲਿਟਰ ਫਾਸਮਾਈਟ 50 ਈ ਸੀ (ਈਥੀਅਨ ) ਜਾਂ 750 ਮਿਲੀਟਿਰ ਫ਼ੈਨਜਾਕੁਈਨ 25 ਈ ਸੀ ਜਾਂ 670 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) 500 ਲਿਟਰ ਪਾਣੀ ਵਿੱਚ ਘੋਲ ਕੇ ਮਈ-ਜੂਨ ਜਾਂ ਸਤੰਬਰ-ਅਕਤੂਬਰ ਵਿੱਚ ਛਿੜਕਾਅ ਕਰੋ । |
| **6. ਪੱਤਾ ਲਪੇਟ ਸੁੰਡੀ :** ਇਹ ਕੀੜਾ ਨਰਸਰੀ ਅਤੇ ਨਵੇਂ ਲੱਗੇ ਬਾਗਾਂ ਵਿੱਚ ਮਈ ਤੋਂ ਅਕਤੂਬਰ ਤੱਕ ਹਮਲਾ ਕਰਦਾ ਹੈ । ਸੁੰਡੀਆਂ ਪੱਤਿਆਂ ਨੂੰ ਲਪੇਟ ਕੇ ਅੰਦਰ ਰਹਿ ਕੇ ਪੱਤੇ ਨੂੰ ਉਪਰੋਂ ਥੱਲੇ ਖਾਂਦੀਆਂ ਹਨ ।ਇਸ ਦੇ ਹਮਲੇ ਨਾਲ ਬੂਟੇ ਛੋਟੇ ਰਹਿ ਜਾਂਦੇ ਹਨ ।<br> | 1250 ਮਿਲੀਲਿਟਰ ਡਰਸਬਾਨ 20 ਈ ਸੀ ( ਕਲੋਰੋਪਾਈਰੀਫਾਸ) ਜਾ 1000 ਮਿਲੀਲਿਟਰ ਏਕਾਲਕਸ/ ਕੁਇੰਨਲਮਾਸ 25 ਈ ਸੀ (ਕੁਇੰਨਲਫਾਸ) 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ । |
| **7. ਪੌਦਿਆਂ ਦੀ ਛਿੱਲ ਖਾਣ ਵਾਲੇ ਸੁੰਡ :** ਇਹ ਸੁੰਡ ਪੌਦੇ ਦੇ ਤਣਿਆਂ ਅਤੇ ਸ਼ਾਖਾਂ ਵਿੱਚ ਮੋਰੀਆਂ ਕਰਕੇ ਆਪਣੇ ਮਲ ਹੇਠਾਂ ਰਹਿ ਕੇ ਛਿੱਲ ਖਾਂਦੇ ਹਨ । ਇਹ ਕੀੜਾ ਨਾ ਸੰਭਾਲੇ ਬਾਗਾਂ ਵਿੱਚ ਜ਼ਿਆਦਾ ਹੁੰਦਾ ਹੈ ।<br> | ਜਾਲਾ ਉਤਾਰ ਕੇ ਇਨ੍ਹਾਂ ਮੋਰੀਆਂ ਵਿੱਚ ਮਿੱਟੀ ਦਾ ਤੇਲ ਸਤੰਬਰ-ਅਕਤੂਬਰ ਅਤੇ ਫਿਰ ਜਨਵਰੀ ਦੇ ਮਹੀਨੇ ਪਾ ਦੇਣਾ ਚਾਹੀਦਾ ਹੈ । ਆਲੇ-ਦੁਆਲੇ ਦੇ ਸਾਰੇ ਪੋਦਿਆਂ ਉਤੇ ਜਿਨ੍ਹਾਂ ਤੇ ਇਹ ਸੁੰਡ ਰਹਿੰਦੇ ਹਨ, ਤੇ ਵੀ ਛਿੜਕਾਅ ਕਰੋ । |
| **8. ਭੂਰੀ ਜੂੰ (ਸਿਟਰਸ ਥਰਿੱਪ) :** ਇਸ ਕੀੜੇ ਦਾ ਹਮਲਾ ਮਾਰਚ ਵਿੱਚ ਸ਼ੁਰੂ ਹੁੰਦਾ ਹੈ ਅਤੇ ਅਪ੍ਰੈਲ ਦੇ ਤੀਜੇ ਹਫ਼ਤੇ ਤੱਕ ਜਾਰੀ ਰਹਿੰਦਾ ਹੈ । ਕਿੰਨੋ ਉਪਰ ਮਾਰਚ ਦੇ ਮਹੀਨੇ ਜਿਉਂ ਹੀ ਫੁੱਲ ਆਉਣੇ ਸ਼ੁਰੂ ਹੁੰਦੇ ਹਨ, ਇਹ ਕੀੜਾ ਸਰਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਫੁੱਲਾਂ ਦੇ ਵੱਖ-ਵੱਖ ਹਿੱਸਿਆਂ ਨੂੰ ਨੁਕਸਾਨ ਪਹਚਾਂਉਂਦਾ ਹੈ । ਕੀੜੇ | ਹੋਸਟਾਥਿਓਨ ਜਾਂ ਫ਼ਾਸਮਾਈਟ ਸਿਲ੍ਹੇ ਅਤੇ ਚਿੱਟੀ ਮੱਖੀ ਲਈ ਸਿਫ਼ਾਰਸ਼ ਕੀਤੀਆਂ ਜ਼ਹਿਰਾਂ ਦੇ ਦੋ ਛਿੜਕਾਅ (ਪਹਿਲਾ ਛਿੜਕਾਅ ਮੱਧ ਮਾਰਚ, ਦੂਜਾ ਛਿੜਕਾਅ ਮੱਧ ਅਪ੍ਰੈਲ ) ਪ੍ਰਤੀ ਏਕੜ ਦੇ ਹਿਸਾਬ 500 ਲਿਟਰ ਪਾਣੀ ਵਿੱਚ ਘੋਲ ਕੇ ਕਰੋ । |

| | |
|---|---|
| ਆਪਣੇ ਆਂਡੇ ਫੁੱਲਾਂ ਜਾਂ ਫ਼ਲਾਂ ਦੇ ਨਰਮ ਹਿੱਸੇ ਵਿੱਚ ਦਿੰਦੇ ਹਨ । ਆਂਡਿਆਂ ਵਿਚੋਂ ਬੱਚੇ ਬਾਹਰ ਨਿਕਲ ਕੇ ਪਹਿਲਾਂ ਨਿੰਬੂ ਜਾਤੀ ਦੀ ਭੂਰੀ ਜੂੰ ਦਾ ਨੁਕਸਾਨ ਪੱਤਿਆਂ ਨੂੰ ਜਾਂ ਫ਼ਲ-ਡੰਡੀ ਦੇ ਦੁਆਲੇ ਫ਼ਲ ਨੂੰ ਖੁਰਚਦੇ ਹਨ । ਹਮਲੇ ਹੇਠ ਆਏ ਫੁੱਲ ਸੁੱਕ ਜਾਂਦੇ ਹਨ ਅਤੇ ਚੁਰੜ-ਮੁਰੜ ਹੋ ਜਾਂਦੇ ਹਨ। ਕੀੜੇ ਦੇ ਹਮਲੇ ਨਾਲ ਜਦੋਂ ਫੁੱਲਾਂ ਦੀਆਂ ਪੱਤੀਆਂ ਮੁਰਝਾਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਤਾਂ ਜੂੰ ਦੇ ਬੱਚੇ ਤੇ ਬਾਲਗ ਨਵੇਂ ਬਣ ਰਹੇ ਫ਼ਲਾਂ ਨੂੰ ਖੁਰਚਣਾ ਸ਼ੁਰੂ ਕਰ ਦਿੰਦੇ ਹਨ । ਸ਼ੁਰੂ ਵਿੱਚ ਫ਼ਲ ਦੀ ਛਿੱਲ ਉਪਰ ਨੁਕਸਾਨ ਹਲਕੇ ਚਾਂਦੀ ਰੰਗੇ ਖੁਰਚਣ ਦੇ ਲੱਛਣਾਂ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ । ਜਿਵੇਂ-ਜਿਵੇਂ ਫ਼ਲ ਦਾ ਆਕਾਰ ਵਧਦਾ ਜਾਂਦਾ ਹੈ, ਫ਼ਲਾਂ ਤੇ ਖੁਰਚਣ ਦੇ ਨਿਸ਼ਾਨ ਚੰਗੀ ਤਰ੍ਹਾਂ ਉਭਰੇ ਹੋਏ ਨਜ਼ਰ ਆਉਂਦੇ ਹਨ ਅਤੇ ਇਹ ਨਿਸ਼ਾਨ ਛਿੱਲ ਦੇ ਕਾਫ਼ੀ ਅੰਦਰ ਤੱਕ ਚਲੇ ਜਾਂਦੇ ਹਨ ।<br> | |
| **9. ਮਿਲੀ ਬੱਗ :** ਨਿੰਬੂ ਜਾਤੀ ਦੇ ਫ਼ਲਾਂ ਵਿੱਚ ਮਿਲੀ ਬੱਗ ਦੀਆਂ ਚਾਰ ਜਾਤੀਆਂ ਜਿਵੇਂ ਕਿ ਪਲੈਨੋਕੋਕਸ ਸਿਟਰਾਈ, ਪਲੈਨੋਕੋਕਸ ਲੀਲੈਕੀਨਸ, ਨਿਪੀਕੋਕਸ ਵਿਰੀਡਿਸ ਅਤੇ ਮੈਕੋਨੈਲੀਕੋਕਸ ਹਿਰਸੂਟਸ ਜੁਲਾਈ<br>ਤੋਂ ਅਕਤੂਬਰ ਤੱਕ ਸਰਗਰਮ ਰਹਿੰਦੀਆਂ ਹਨ । ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਜਾਤੀਆਂ ਪੱਤਿਆਂ, ਨਰਮ ਸ਼ਾਖਾਵਾਂ, ਟਹਿਣੀਆਂ ਅਤੇ ਫ਼ਲਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਜਦੋਂ ਕਿ ਚੌਥੀ ਕਿਸਮ ਨਰਮ ਸ਼ਾਖਾਵਾਂ ਤੇ ਹੀ ਹਮਲਾ ਕਰਦੀ ਹੈ । ਮਿਲੀਬੱਗ ਦੇ ਬੱਚੇ (ਪੂੰਗ) ਬੂਟੇ ਦੇ ਹਮਲੇ ਵਾਲੇ ਹਿੱਸੇ 'ਚੋਂ ਰਸ ਚੂਸਦੇ ਹਨ ਜਿਸ ਨਾਲ ਬੂਟੇ ਦੇ ਵਾਧੇ ਤੇ ਮਾੜਾ ਅਸਰ ਪੈਂਦਾ ਹੈ ਅਤੇ ਨਰਮ ਟਹਿਣੀਆਂ ਸੁੱਕਣ ਲੱਗਦੀਆਂ ਹਨ । ਜਦੋਂ ਹਮਲਾ ਗੰਭੀਰ ਹੋ ਜਾਵੇ ਤਾਂ ਹਮਲੇ ਹੇਠ ਆਏ ਹਿੱਸਿਆਂ ਤੇ ਕਾਲੀ ਉੱਲੀ ਜੰਮ ਜਾਂਦੀ ਹੈ । ਸਿਆਲਾਂ ਵਿੱਚ ਇਹ ਚਾਰੇ ਜਾਤੀਆਂ ਨਰਮ ਸ਼ਾਖਾਵਾਂ ਅਤੇ ਟਹਿਣੀਆਂ ਤੇ "ਸਿਆਲੀ ਨੀਂਦਰ" ਪੂਰੀ ਕਰਨ ਲਈ ਚਲੇ ਜਾਂਦੀਆਂ ਹਨ । ਇਸ "ਸਿਆਲੀ ਨੀਂਦਰ" ਨੂੰ ਵਿਗਿਆਨਕ ਭਾਸ਼ਾ ਵਿੱਚ ਹਾਈਬਰਨੇਸ਼ਨ ਕਿਹਾ ਜਾਂਦਾ ਹੈ ।<br>  | ਨਿੰਬੂ ਜਾਤੀ ਦੇ ਫ਼ਲਾਂ ਦੇ ਬਾਗਾਂ ਵਿਚੱ ਮਿਲੀ ਬੱਗ ਦੀ ਸੁਚੱਜੀ ਰਕੋ ਥਾਮ ਲਈ ਹਠੇ ਲਿਖੇ ਢੰਗਤਰੀਕੇ ਅਪਨਾਉਣੇ ਚਾਹੀਦੇ ਹਨ ।<br>1. ਮਿਲੀ ਬੱਗ ਦੇ ਹਮਲੇ ਤੇ ਨਿਗਾਹ ਰੱਖਣ ਲਈ ਸਮੇਂ-ਸਮੇਂ ਤੇ ਪੱਤਿਆਂ ਦੇ ਹੇਠਲੇ ਪਾਸੇ, ਨਰਮ ਸ਼ਾਖਾਵਾਂ, ਜ਼ਮੀਨ ਨਾਲ ਛੂੰਹਦੀਆਂ ਟਹਿਣੀਆਂ ਤੇ ਫ਼ਲਾਂ ਦੀ ਜਾਂਚ ਕਰਦੇ ਰਹੋ ।<br>2. ਬਾਗਾਂ ਨੂੰ ਸਾਫ਼ ਸੁਥਰਾ ਰੱਖਣ ਲਈ ਨਦੀਨਾਂ ਅਤੇ ਘਾਹ ਦੀ ਰੋਕਥਾਮ ਕਰੋ ।<br>3. ਦਰਖਤ ਦੀਆਂ ਟਹਿਣੀਆਂ ਦੀ ਕਾਂਟ-ਛਾਂਟ ਇਸ ਢੰਗ ਨਾਲ ਕਰੋ ਕਿ ਉਹ ਜ਼ਮੀਨ ਨੂੰ ਨਾ ਲੱਗਣ ।<br>4. ਹਮਲੇ ਹੇਠ ਆਈਆਂ ਟਹਿਣੀਆਂ ਨੂੰ ਕੱਟ ਕੇ ਨਸ਼ਟ ਕਰੋ ।<br>5. ਬਾਗਾਂ 'ਚੋਂ ਕੀੜੀਆਂ/ਕਾਢਿਆਂ ਦੇ ਭੋਣ ਨਸ਼ਟ ਕਰੋ ।<br>6. ਕੀੜੇ ਨਜ਼ਰ ਆਉਂਦੇ ਸਾਰ ਹੀ 1875 ਮਿ.ਲਿ. ਡਰਮਟ/ਡਰਸਬਾਨ/ਕੋਰੋਬਾਨ/ਮਾਸਬਾਨ 20 ਈ ਸੀ (ਕਲੋਰੋਪਾਈਰੀਫਾਸ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਭਰਵਾਂ ਛਿੜਕਾਅ ਕਰੋ ਕਿ ਸਾਰਾ ਦਰਖਤ ਪੂਰੀ ਤਰ੍ਹਾਂ ਕੀਟਨਾਸ਼ਕ ਜ਼ਹਿਰ ਨਾਲ ਗਿੱਲਾ ਹੋ ਜਾਵੇ । ਦੂਜਾ ਛਿੜਕਾਅ ਉਸ ਤੋਂ 15 ਦਿਨ ਬਾਅਦ ਕਰੋ ਅਮਰੂਦ ਦੇ ਬਾਗਾਂ ਵਿੱਚ ਇਹ ਕੰਮ ਜੂਨ ਤੋਂ ਸ਼ੁਰੂ ਕਰੋ ਕਦੋਂ ਕਿ ਅੰਗੂਰਾਂ ਵਿੱਚ ਛਿੜਕਾਅ ਸਾਰੇ ਗੁੱਛੇ ਤੋੜ ਲੈਣ ਤੋਂ ਬਾਅਦ ਜੁਲਾਈ ਵਿੱਚ ਕਰੋ। |
| **10. ਫ਼ਲ ਦੀਆਂ ਮੱਖੀਆਂ:** ਮਾਦਾ ਜਵਾਨ ਮੱਖੀਆਂ ਆਪਣੇ ਆਂਡੇ ਦੇਣ ਵਾਲੀ ਤਿੱਖੇ ਭਾਗ ਨਾਲ ਰੰਗ ਬਦਲ ਰਹੇ ਕਿੰਨੂ ਦੇ ਫ਼ਲਾਂ ਵਿੱਚ ਛੇਦ ਕਰਕੇ ਆਂਡੇ ਦਿੰਦੀਆਂ ਹਨ। ਹੌਲੀ ਹੌਲੀ ਫ਼ਲ ਦਾ ਛੇਦ ਦੇ ਦੁਆਲੇ ਦਾ ਹਿਸਾ ਖਰਾਬ ਹੋ ਕੇ ਵਧਣ ਲ1ਗਦਾ ਹੈ। ਚਿੱਟੇ ਪੀਲੇ ਰੰਗ ਦੀਆ ਸੁੰਡੀਆਂ ਆਂਡੀਆਂ ਵਿੱਚੋਂ ਨਿਕਲ ਕੇ ਫ਼ਲ ਦਾ ਗੁੱਦਾ ਖਾਣਾ ਸ਼ੁਰੂ ਕਰ ਦਿੰਦੀਆਂ ਹਨ ਜਿਸ ਨਾਲ ਫ਼ਲ ਗਲ ਕੇ ਧਰਤੀ ਤੇ | ਫ਼ਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ) ਲਗਾਉ। ਲੋੜ ਪੈਣ ਤੇ ਟਰੈਪ ਦੁਬਾਰਾ ਲਗਾਉ। |

| | |
|---|---|
| ਡਿਗਣ ਲੱਗ ਪੈਂਦੇ ਹਨ।ਨੁਕਸਾਨੇ ਫ਼ਲਾਂ ਨੂੰ ਦਬਾਉਣ ਤੇ ਇਨਾਂ ਵਿਚੋਂ ਰਸ ਦੀਆਂ ਪਿਚਕਾਰੀਆਂ ਬਾਹਰ ਨਿਕਲਦੀਆਂ ਹਨ। | |

## ਅ) ਬਿਮਾਰੀਆਂ :

| ਬਿਮਾਰੀਆਂ ਅਤੇ ਹਮਲੇ ਦੀਆਂ ਨਿਸ਼ਾਨੀਆਂ | ਰੋਕਥਾਮ ਦੇ ਢੰਗ |
|---|---|
| 1. ਕੋਹੜ (ਸਿਟਰਸ ਕੈਂਕਰ): ਇਹ ਬਿਮਾਰੀ ਪੱਤਿਆਂ ਅਤੇ ਫਲਾਂ ਨੂੰ ਲੱਗਦੀ ਹੈ । ਪੱਤਿਆਂ ਤੇ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ ਜਿਹੜੇ ਹੌਲੀ-ਹੌਲੀ ਆਕਾਰ ਵਿੱਚ ਵੱਡੇ, ਖੁਰਦੁਰੇ ਅਤੇ ਭੂਰੇ ਰੰਗ ਦੇ ਹੋ ਜਾਂਦੇ ਹਨ ਅਤੇ ਪੱਤੇ ਦੇ ਦੋਵੀਂ ਪਾਸੀ ਉਠੇ ਨਜ਼ਰ ਆਉਂਦੇ ਹਨ । ਇਨ੍ਹਾਂ ਧੱਬਿਆਂ ਦੇ ਦੁਆਲੇ ਪੀਲੇ ਰੰਗ ਦੇ ਘੇਰੇ ਬਣ ਜਾਂਦੇ ਹਨ । ਫਲਾਂ ਦੇ ਧੱਬੇ ਖੁਰਦਰੇ ਅਤੇ ਕਾਰਕ ਵਰਗੇ ਹੁੰਦੇ ਹਨ ਜੋ ਸਿਰਫ ਉਪਰਲੀ ਛਿੱਲੜ ਵਿੱਚ ਹੀ ਰਹਿੰਦੇ ਹਨ ।  | 50 ਗ੍ਰਾਮ ਸਟਰੈਪਟੋਸਾਈਕਲੀਨ +25 ਗ੍ਰਾਮ ਕਾਪਰ ਸਲਫੇਟ ਦੇ ਤਿੰਨ ਛਿੜਕਾਅ, ਪਹਿਲਾ ਅਕਤੂਬਰ ਅਤੇ ਦੂਜਾ ਦਸੰਬਰ ਅਤੇ ਤੀਜਾ ਫਰਵਰੀ ਵਿੱਚ 500 ਲਿਟਰ ਪਾਣੀ ਵਿੱਚ ਘੋਲ ਕੇ ਕਰੋ । ਬੋਰਡੋ ਮਿਸ਼ਰਣ (2:2:250) ਜਾਂ 50 ਪ੍ਰਤੀਸ਼ਤ ਕੌਪਰ ਔਕਸੀਕਲੋਰਾਈਡ (0.3%) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । |
| 2. ਸਕੈਬ ਦਾ ਰੋਗ : ਛੋਟੇ ਭੂਰੇ ਰੰਗ ਦੇ ਬੇਢੰਗੇ ਉਭਰੇ ਹੋਏ ਮੁਹਕੇ ਆਮ ਤੋਰ ਤੇ ਪੱਤਿਆਂ ਦੇ ਥੱਲੇ ਵਾਲੇ ਪਾਸੇ ਹੁੰਦੇ ਹਨ । ਟਹਿਣੀਆਂ ਅਤੇ ਫਲਾਂ ਤੇ ਵੀ ਇਸ ਦਾ ਅਸਰ ਹੁੰਦਾ ਹੈ ।  | ਜੁਲਾਈ ਵਿੱਚ ਬਿਮਾਰੀ ਵਾਲੇ ਪੱਤੇ ਤੋੜੋ ਅਤੇ ਜੀਰਮ 27 ਅਸੈ ਸੀ (0.25%) ਜਾਂ ਡਾਈਥੇਨ ਐਮ-45 (0.25%) ਜਾ ਬੋਰਡੋ ਮਿਸਰਣ (2:2:250) ਜਾਂ 50% ਕੌਪਰ ਔਕਸੀਕਲੋਰਾਈਡ (0.3%) ਦਾ ਜੂਨ ਤੋਂ ਅਗਸਤ ਤੱਕ 20 ਦਿਨਾਂ ਦੇ ਫਰਕ ਨਾਲ ਤਿੰਨ ਵਾਰ ਛਿੜਕਾਅ ਕਰੋ । |
| 3. ਬੂਟਿਆਂ ਦੇ ਜ਼ਮੀਨ ਨਾਲ ਲੱਗਦੇ ਹਿੱਸੇ ਦਾ ਗਲਣਾ: ਹਮਲੇ ਵਾਲੇ ਬੂਟੇ ਪੈਰੋਂ ਗਲਣ ਲੱਗ ਜਾਦੇ ਹਨ, ਗੂੰਦ ਨਿੱਕਲਦੀ ਹੈ, ਛਿੱਲ ਤਣੇ ਦੇ ਚਾਰ-ਚੁਫੇਰੇ ਤੋਂ ਗਲ ਜਾਂਦੀ ਹੈ ਪੱਤੇ ਹਲਕੇ ਪੀਲੇ ਹਰੇ ਰੰਗ ਦੇ ਹੋ ਜਾਂਦੇ ਹਨ, ਵਾਧਾ ਰੁੱਕ ਜਾਂਦਾ ਹੈ ਅਤੇ ਟਹਿਣੀਆਂ ਸੁੱਕ ਜਾਂਦੀਆਂ ਹਨ । ਫਿਰ ਗੂੰਦ ਵਾਲੇ ਨਿਸ਼ਾਨ ਤਣੇ ਦੇ ਹੇਠਾਂ ਅਤੇ ਉੱਪਰ ਵੱਲ ਵਧ ਜਾਂਦੇ ਹਨ ਅਤੇ ਟਹਿਣੀਆਂ ਤੇ ਵੀ ਆਉਣ ਲੱਗ ਪੈਂਦੇ ਹਨ । | ਗਲੀ ਹੋਈ ਛਿੱਲ ਨੂੰ ਥੋੜੀ ਜਿਹੀ ਨਰੋਈ ਛਿੱਲ ਸਮੇਤ ਚਾਕੂ ਨਾਲ ਖੁਰਚ ਕੇ ਜ਼ਖ਼ਮ ਨੂੰ ਕਿਰਮ (ਕੀਟਾਣੂ) ਰਹਿਤ ਘੋਲ ਨਾਲ ਸਾਫ ਕਰੋ ਅਤੇ ਜਖ਼ਮ ਤੇ ਬੋਰਡੋ ਪੇਸਟ (ਮੱਲ੍ਹਮ) ਲਗਾ ਦਿਉ ।ਜਦੋਂ ਇਹ ਸੁੱਕ ਜਾਵੇ ਤਾਂ ਬੋਰਡੋ ਪੇਂਟ ਲਾ ਦਿਓ। ਇਸ ਤੋਂ ਬਾਅਦ ਜਾਂ ਤਾਂ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਕਰੋ ਜਾਂ ਦੋ ਵਾਰ ਰਿਡੋਮਿਲ ਗੋਲਡ ਜਾਂ ਕਰਜੈਟ ਐਮ 8 ਜਾਂ ਰਿਡੋਮਿਲ ਜਾਂ ਮੈਟਕੋ- 8-64 ਰਿਡੋਕਸ ਜਾਂ ਮੈਟਾਮਿਲ (2 ਗ੍ਰਾਮ ਪ੍ਰਤੀ 100 ਮਿਲੀਲਿਟਰ ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੋਰ ਤੇ ਬਿਮਾਰੀ ਵਾਲੇ ਤਣੇ ਤੇ ਲਗਾਉ ਅਤੇ |

| | |
|---|---|
|  | ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਫਰਵਰੀ-ਮਾਰਚ ਅਤੇ ਫਿਰ ਜਲੁਾਈ-ਅਗਸਤ ਵਿੱਚ (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਚੰਗੀ ਤਰ੍ਹਾਂ ਭਿਉਂ ਦਿਉ ਜਾਂ ਪ੍ਰਭਾਵਿਤ ਬੂਟਿਆਂ ਨੂੰ ਐਲੀਏਟ 80 ਤਾਕਤ ਦੇ ਦੋ ਸਪਰੇ (0.25 ਪ੍ਰਤੀਸ਼ਤ, 2.5 ਗ੍ਰਾਮ ਪ੍ਰਤੀ ਲਿਟਰ ਪਾਣੀ) ਅਪ੍ਰੈਲ ਅਤੇ ਸਤੰਬਰ ਵਿੱਚ ਕਰੋ ਅਤੇ ਨਾਲ ਹੀ ਨਾਲ ਜ਼ਮੀਨ ਵਿੱਚ ਰਿੱਡਮਿਲ ਗੋਲਡ ਜਾਂ ਕਰਜ਼ੈਟ ਐਮ 8 ਜਾਂ ਮੈਟਕੋ 8-64 ਜਾਂ ਰਿਡੋਕਸ ਜਾਂ ਮੈਟਾਮਿਲ (25 ਗ੍ਰਾਮ ਨੂੰ 10 ਲਿਟਰ ਪਾਣੀ ਵਿੱਚ ) ਨੂੰ ਫ਼ਰਵਰੀ-ਮਾਰਚ ਅਤੇ ਫਿਰ ਜੁਲਾਈ ਅਗਸਤ ਵਿੱਚ ਜ਼ਰੂਰ ਪਾਓ। |
| 4. ਟਹਿਣੀਆਂ ਦਾ ਰੋਗ :<br>ਟਹਿਣੀਆਂ ਸੁੱਕ ਜਾਦੀਆਂ ਹਨ । ਗੋਲ ਚਟਾਖ ਪੱਤਿਆਂ ਤੇ ਪੈਦਾ ਹੋ ਜਾਂਦੇ ਹਨ ਜਿਸ ਨਾਲ ਫਲ ਗਲ ਜਾਂਦੇ ਹਨ ।<br>  | ਰੋਗੀ ਟਹਿਣੀਆਂ ਫਰਵਰੀ ਦੇ ਮਹੀਨੇ ਕੱਟ ਦਿਓ।ਬੋਰਡੋ ਮਿਸ਼ਰਣ (2:2:250) ਜਾਂ 50% ਕੌਪਰ ਔਕਸੀਕਲੋਰਾਈਡ (0.3%) ਮਾਰਚ, ਜੁਲਾਈ ਅਤੇ ਸਤੰਬਰ ਵਿੱਚ ਛਿੜਕੋ । |
| 5. ਫਲਾਂ ਦਾ ਡਿੱਗਣਾ : ਬੂਟਿਆਂ ਦੀਆਂ ਡੰਡੀਆਂ ਸਲੇਟ ਰੰਗ ਦੀਆਂ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਤੇ ਉੱਲ਼ੀ ਦੇ ਕਾਲੇ ਰੰਗ ਦੇ ਟਿਮਕਣੇ ਲੱਗੇ ਹੁੰਦੇ ਹਨ। ਕੱਚੇ ਫਲ ਪੀਲੇ ਪੈ ਜਾਂਦੇ ਹਨ।ਡੰਡੀ ਦੇ ਫਲ ਨਾਲ ਲੱਗਦੇ ਹਿੱਸੇ ਤੇ ਸੁੱਕੀ ਪਰਤ ਬਣ ਜਾਂਦੀ ਹੈ ਅਤੇ ਫਲ ਸੁੰਗੜ ਕੇ ਡਿੱਗ ਪੈਂਦੇ ਹਨ।<br> | 1. ਜਨਵਰੀ-ਫਰਵਰੀ ਵਿੱਚ ਬੀਮਾਰੀ ਵਾਲੀਆਂ ਟਾਹਣੀਆਂ ਕੱਟ ਕੇ ਨਸ਼ਟ ਕਰੋ।<br>2. ਕੱਟੇ ਹੋਏ ਥਾਵਾਂ ਨੂੰ ਬੋਰਡੋ ਪੇਸਟ ਲਾ ਕੇ ਰੋਗ ਰਹਿਤ ਕਰੋ।<br>3. ਚਾਰ ਛਿੜਕਾਅ 20 ਗ੍ਰਾਮ ਔਰੀਉਫੰਜ਼ੀਨ ਜਾਂ 500 ਗ੍ਰਾਮ ਬੈਵਿਸਟਨ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਜਾਂ ਬੋਰਡੋ ਮਿਸ਼ਰਣ (2:2:250) ਅਗਸਤ ਦੇ ਪਹਿਲੇ ਹਫਤੇ ਤੋਂ ਸ਼ੁਰੂ ਕਰਕੇ 15 ਦਿਨਾਂ ਦੇ ਵਕਫੇ ਤੇ ਕਰੋ। |
| 6. ਤਣੇ ਅਤੇ ਫਲ ਗਲਣ ਦਾ ਰੋਗ: ਪੱਤਿਆਂ, ਸ਼ਾਖਾ ਅਤੇ ਫਲਾਂ ਉੱਤੇ ਗੋਲ ਕਾਲੇ ਅਤੇ ਸਿਰਿਆਂ ਉਪਰ ਪੀਲੇ ਰੰਗ ਦੇ ਛਟਾਖ ਬਣ ਜਾਂਦੇ ਹਨ। ਫਿਰ ਇਹ ਉਭਰ ਆਉਂਦੇ ਹਨ ਅਤੇ ਖੁਰਦੂਰੇ ਦੇ ਹਲਕੇ ਭੁਰੇ ਰੰਗ ਦੇ ਹੋ ਜਾਂਦੇ ਹਨ। ਪੀਲਾ ਰੰਗ ਅਲੋਪ ਜਾਂਦਾ ਹੈ ਅਤੇ ਪੱਤਿਆਂ ਤੇ ਪਲਾਂ ਦੀ ਉਪਰਲੀ ਤਹਿ ਰੇਗਮਾਰ ਵਾਂਗ ਖੁਰਦਰੀ ਹੋ ਜਾਂਦੀ ਹੈ। | ਜੁਲਾਈ-ਅਗਸਤ ਅਤੇ ਸਤੰਬਰ ਦੇ ਮਹੀਨੇ ਬੋਰਡੋ ਮਿਸ਼ਰਣ (2:2:250) ਜਾਂ 50 % ਕਾਪਰ ਔਕਸੀਕਲੋਰਾਇਡ (0.3%) ਦਾ ਛਿੜਕਾਅਕਰੋ। |
| 7. ਸੂਟੀ ਮੋਲਡ: ਇਹ ਉੱਲੀ ਦੀ ਬੀਮਾਰੀ ਚਿੱਟੀ ਮੱਖੀ ਦੇ ਸ਼ਹਿਦ ਵਰਗੇ ਮਲ-ਮੂਤਰ ਤੋਂ ਪੈਦਾ ਹੁੰਦੀ ਹੈ। ਇਸ ਰੋਗ ਨਾਲ ਕਾਲੇ ਰੰਗ ਦੀ ਓੱਲੀ, ਪੱਤਿਆਂ, ਟਾਹਣੀਆਂ ਅਤੇ ਫ਼ਲ ਨੂੰ ਢੱਕ ਲੈਂਦੀ ਹੈ। ਪ੍ਰਭਾਵਿਤ ਪੱਤੇ ਅਤੇ ਫ਼ਲ ਕਾਲੇ ਨਜ਼ਰ ਆਉਂਦੇ ਹਨ । ਜਿਆਦਾ | ਇਸ ਦੀ ਰੋਕਥਾਮ ਲਈ ਜ਼ੀਰਮ 27 ਐਸ. ਸੀ. (1250 ਮਿਲੀਲਿਟਰ) + ਈਥੀਅਨ 50 ਈ ਸੀ (1000 ਮਿਲੀਲਿਟਰ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ ਅਗਸਤ, ਸਤੰਬਰ ਅਤੇ ਅਕਤੂਬਰ ਵਿੱਚ ਕਰੋ। |

| | |
|---|---|
| ਹਮਲੇ ਵਾਲੇ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਅਗਲੇ ਸਾਲ ਫੁੱਲ ਅਤੇ ਫ਼ਲ ਘੱਟ ਮੁੱਲ ਮਿਲਦਾ ਹੈ। ਇਸ ਰੋਗ ਦਾ ਹਮਲਾ ਛਾਂ ਵਾਲੇ ਪਾਸੇ ਅਤੇ ਸੰਘਣੇ ਬਾਗਾਂ ਵਿੱਚ ਜ਼ਿਆਦਾ ਹੁੰਦਾ ਹੈ। | |
| **7. ਗਰੀਨਿੰਗ :** ਟਹਿਣੀਆਂ ਅਤੇ ਕਰੂੰਬਲਾਂ ਸਖਤ, ਸਿੱਧੀਆਂ, ਛੋਟੇ ਪੀਲੇ ਪਏ ਹੋਏ ਪੱਤਿਆਂ ਦਾ ਝੜਨਾ ਅਤੇ ਟਹਿਣੀਆਂ ਦਾ ਸੁੱਕਣਾ ਤੇ ਫਲਾਂ ਦਾ ਹਰਾ ਹੋਣਾ।<br> | (ੳ) ਪਿਉਂਦੀ ਅੱਖਾਂ ਰੋਗ ਰਹਿਤ ਵਰਤੋ ।<br>(ਅ) ਰਗੋ ਫੈਲਾਓਣੁ ਵਾਲੇ ਕੀੜੇ (ਸਿੱਲ੍ਹਾ) ਤੇ ਕਾਬੂ ਪਾਉਣ ਲਈ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦਾ ਛਿੜਕਾਅ ਕਰੋ । |
| **ਵਿਸ਼ਾਣੂ ਰੋਗ :**<br>**(ੳ) ਟ੍ਰਿਸਟੇਜ਼ਾ :** ਨਵੇਂ ਪੱਤਿਆਂ ਦੀਆਂ ਧਾਰੀਆਂ ਦਿਖਾਈ ਦਿੰਦੀਆਂ ਹਨ । ਅੱਖਾਂ ਨੇੜਿਉਂ ਰਸ ਜਿਹਾ ਨਿੱਕਲਦਾ ਹੈ । ਵਾਧਾ ਰੁੱਕ ਜਾਂਦਾ ਹੈ ।<br>  | (ੳ) ਰੋਗ ਰਹਿਤ ਪਿਉਂਦੀ ਅੱਖ ਵਰਤੋ ਅਤੇ<br>ਜੜ੍ਹ ਮੁੱਢ ਰੋਗ ਦਾ ਮੁਕਾਬਲਾ ਕਰਨ ਵਾਲੇ ਹੋਣ ।<br>(ਅ) ਰੋਗ ਫੈਲਾਓਣੁ ਵਾਲੇ ਕੀੜਿਆਂ ਦੀ ਰੋਕਥਾਮ ਕਰੋ । |
| **(ਅ) ਐਕਜ਼ੋਕੋ ਟਿਸ :** ਜਟੱ ੀ-ਖੱਟੀ ਤੇ ਪਿਉਂਦ ਕੀਤੇ ਕਿੰਨੋ ਅਤੇ ਮਾਲਟੇ ਦੇ ਬੂਟਿਆਂ ਤੇ ਇਹ ਬਿਮਾਰੀ ਨਹੀਂ ਹੁੰਦੀ । ਨਿੰਬੂ ਦੇ ਬੂਟਿਆਂ ਦੀਆਂ ਟਹਿਣੀਆਂ ਉੱਪਰ ਪੀਲੇ ਧੱਬੇ ਨਜ਼ਰ ਆਉਂਦੇ ਹਨ ।<br>  | (ੳ) ਰੋਗ ਰਹਿਤ ਪਿਉਂਦੀ ਅੱਖਾਂ ਵਰਤੋ ।<br>(ਅ) ਰਗੋ ਰਹਿਤ ਬੂਟਿਆਂ ਤੇ ਪਿਉਂਦ ਕਰੋ ਜਿਵੇਂ ਕਿ ਜੱਟੀ-ਖੱਟੀ ।<br>(ੲ) ਪਿਉਂਦ ਕਰਦੇ ਸਮੇਂ ਸੰਦਾਂ ਨੂੰ ਕਿਰਮ ਰਹਿਤ ਕਰੋ । |
| **(ੲ) ਗੋਲ ਧੱਬਿਆਂ ਦਾ ਰੋਗ :** ਇਸ ਬਿਮਾਰੀ ਨਾਲ ਪੂਰੇ ਆਕਾਰ ਦੇ ਪੱਤਿਆਂ ਉੱਪਰ ਪੀਲੇ ਗੋਲ ਧੱਬੇ ਬਣ ਜਾਂਦੇ ਹਨ । ਪੱਤਿਆਂ ਉਪਰ ਅਲੱਗ-ਅਲੱਗ ਆਕਾਰ ਦੇ ਇੱਕ ਜਾਂ ਕਈ ਧੱਬੇ ਹੋ ਸਕਦੇ | ਨਵਾਂ ਬਾਗ ਲਾਓਣੁ ਲਈ ਵਿਸ਼ਾਣੂ ਰਹਿਤ ਬੂਟੇ ਵਰਤੋ । |

| | |
|---|---|
| ਹਨ । ਇਹ ਧੱਬੇ ਆਪਸ ਵਿੱਚ ਮਿਲ ਕੇ ਵੱਡੇ ਧੱਬੇ ਬਨਾਉਂਦੇ ਹਨ ਜਿਹੜੇ ਕਿ ਸਾਰੇ ਪੱਤੇ ਨੂੰ ਢੱਕ ਲੈਂਦੇ ਹਨ । ਜ਼ਿਆਦਾ ਬਿਮਾਰੀ ਵਾਲੇ ਬੂਟੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ । ਇਹ ਰੋਗ ਬਿਮਾਰੀ ਵਾਲੀਆਂ ਅੱਖਾਂ ਨਾਲ ਫੈਲਦਾ ਹੈ ।  | |

# ਫ਼ਾਲਸਾ

ਫ਼ਾਲਸਾ ਭਾਰਤ ਦਾ ਫ਼ਲ ਹੈ । ਫ਼ਾਲਸਾ ਤਾਜ਼ੇ ਰਸ, ਫ਼ਲ ਅਤੇ ਸਿਰਪ ਲਈ ਵਧੀਆ ਫ਼ਲ ਹੈ ।

## ਪੌਣ-ਪਾਣੀ ਅਤੇ ਜ਼ਮੀਨ

ਇਹ ਪੌਦਾ ਗਰਮ ਅਤੇ ਖੁਸ਼ਕ ਮੌਸਮ ਵਿੱਚ ਫ਼ਲ ਪੈਦਾ ਕਰਦਾ ਹੈ । ਫ਼ਾਲਸਾ ਨਮੀ ਵਾਲੇ ਸਮੁੰਦਰੀ ਤੱਟ ਤੇ ਵੀ ਉਗਾਇਆ ਜਾ ਸਕਦਾ ਹੈ । ਤਗੜੀ ਭੱਲ ਵਾਲੀ ਜ਼ਮੀਨ ਇਸ ਲਈ ਵਧੀਆ ਹੈ ਜਿਸ ਵਿੱਚ ਇਸ ਦੀਆਂ ਜੜਾਂ ਡੂੰਘੀਆਂ ਜਾਂਦੀਆਂ ਹਨ । ਖਾਰੇਪਣ ਤੋਂ ਰਹਿਤ ਜ਼ਮੀਨਾਂ, ਜਿਨ੍ਹਾਂ ਵਿੱਚ ਕੰਕਰ ਨਾ ਹੋਣ, ਫ਼ਾਲਸੇ ਦੀ ਕਾਸ਼ਤ ਲਈ ਵਧੀਆ ਹਨ । ਇਹ ਉੱਥੇ ਵੀ ਹੋ ਜਾਂਦਾ ਹੈ ਜਿਥੇ ਪਾਣੀ ਬਹੁਤ ਘੱਟ ਮਿਲਦਾ ਹੋਵੇ ।

## ਨਸਲੀ ਵਾਧਾ

ਫ਼ਾਲਸੇ ਦੇ ਪੌਦੇ ਬੀਜ ਤੋਂ ਪੈਦਾ ਕੀਤੇ ਜਾਂਦੇ ਹਨ । ਇਸ ਲਈ ਚੰਗੇ ਰੰਗ ਅਤੇ ਆਕਾਰ ਦੇ ਫ਼ਲ ਜੂਨ ਵਿੱਚ ਲਉ ਅਤੇ ਇਨ੍ਹਾਂ ਵਿੱਚੋਂ ਬੀਜ ਕੱਢ ਕੇ ਮੌਨਸੂਨ ਸ਼ੁਰੂ ਹੋਣ ਤੇ ਜੁਲਾਈ-ਅਗਸਤ ਵਿੱਚ ਕਿਆਰੀਆਂ ਵਿੱਚ ਲਾਉ ।

## ਬੂਟਿਆਂ ਨੂੰ ਲਾਉਣਾ

ਜਨਵਰੀ-ਫ਼ਰਵਰੀ ਦੇ ਮਹੀਨਿਆਂ ਦੌਰਾਨ ਨਰੋਏ ਤੇ ਸਿਹਤਮੰਦ ਬੂਟਿਆਂ ਨੂੰ ਪੁੱਟ ਕੇ ਖੇਤ ਵਿੱਚ ਡੇਢ ਮੀਟਰ ਦੀ ਵਿੱਥ ਤੇ ਲਾਉ ।

## ਸੁਧਾਈ ਤੇ ਕਾਂਟ-ਛਾਂਟ

ਫ਼ਾਲਸੇ ਦੇ ਬੂਟਿਆਂ ਦੀ ਸਿਧਾਈ ਝਾੜੀਦਾਰ ਕਰੋ । ਇਨ੍ਹਾਂ ਬੂਟਿਆਂ ਦੀ ਕਾਂਟ-ਛਾਂਟ ਹਰ ਸਾਲ ਜਨਵਰੀ-ਫ਼ਰਵਰੀ ਵਿੱਚ ਧਰਤੀ ਦੇ ਬਰਾਬਰ ਕਰੋ । ਜੇ ਬੂਟੇ ਦੀ ਸਿਧਾਈ ਇੱਕ ਮੀਟਰ ਤੇ ਕੀਤੀ ਹੋਵੇ ਤਾਂ ਉਸ ਦੀ ਕਾਂਟ-ਛਾਂਟ ਹਰ ਸਾਲ ਉਸੇ ਉੱਚਾਈ ਤੇ ਕਰੋ ।

## ਖਾਦਾਂ

ਕਾਂਟ-ਛਾਂਟ ਤੋਂ ਤੁਰੰਤ ਬਾਅਦ ਬੂਟੇ ਨੂੰ 10 ਕਿਲੋ ਰੂੜੀ ਦੀ ਖਾਦ ਅਤੇ 75 ਗ੍ਰਾਮ ਨਾਈਟ੍ਰੋਜਨ ਪਾਉ ।

## ਫ਼ਲ ਦਾ ਪੱਕਣਾ ਅਤੇ ਤੋੜਨਾ

ਫ਼ਾਲਸੇ ਦੇ ਬੂਟਿਆਂ ਨੂੰ ਦੂਸਰੇ ਸਾਲ ਫ਼ਲ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਖੇਤ ਵਿੱਚ ਲਗਾਉਣ ਤੋਂ ਤੀਸਰੇ ਸਾਲ ਬਾਅਦ ਭਰਵੀਂ ਵਿਉਪਾਰਕ ਫ਼ਸਲ ਦਿੰਦੇ ਹਨ । ਫ਼ਲ ਮਈ ਦੇ ਅਖੀਰ ਤੋਂ ਪੱਕਣੇ ਸ਼ੁਰੂ ਹੋ ਜਾਂਦੇ ਹਨ ਅਤੇ ਜੂਨ ਦਾ ਸਾਰਾ ਮਹੀਨਾ ਇਨ੍ਹਾਂ ਦੀ ਤੁੜਾਈ ਹੁੰਦੀ ਹੈ । ਪੱਕੇ ਹੋਏ ਫ਼ਲਾਂ ਨੂੰ ਹਰ ਤੀਸਰੇ ਦਿਨ ਤੋੜਿਆ ਜਾ ਸਕਦਾ ਹੈ।